ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜੋਤ ਕਾ ਜਾਮਾ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਜੋਤ ਕਾ ਜਾਮਾ

ਸ੍ਰੀ ਗੁਰੂ ਹਰੀ ਸਿੰਘ ਜੀ

ਸਿਮਰੀਐ

ਜਿਨ

ਟੂਟੀ ਲਈ ਮਿਲਾਇ

ਜਿਨ ਨਾਮ ਹਰੀ (1) ਹਰ (2) ਕਾਮ (3) ਹਰੀ,
(4) ਹਰਿ ਰਾਮ, ਹਰੀ (5) ਹਰਿ, (6) ਸ਼ਾਮ ਜਿਨੈ ।
ਗੁਰ ਅਮਰੰ ਪੁਰੀ, ਕਮਿ ਕਮਰ ਸਹੀ,
ਗਹਿ ਸਬਰ ਕਹੀ, ਕੀਆ ਕਾਮ ਜਿਨੈ ।
(10) ਦਰਵਾਰ ਕਹੇ, ਸਦ ਸਾਂਤ ਸਹੇ
(11) ਉਤਪਾਤ ਸਹੇ ਅਤਿ ਆਮ ਜਿਨੈ ।
(12) ਅਸਿ ਗਿਆਨੈ (13) ਸੇਰੇ ਗੁਰ ਧਿਆਨ ਧਰੇ
(14) ਹਰਿ ਧਿਆਨ ਕਰੇ ਪੂਨਾਮ ਤਿਨੈ ।

ਸ੍ਰੀ ਸੁਤ ਸੰਤ ਗਿਆਨ ਸਿੰਘ ਜੀ
ਕਾਦਰਾ ਬਾਦੀ

(1) ਕਰ ਲਿਆ (2) ਕਾਮਨਾ (3) ਨਾਸ ਕਰਦੇ ਹਨ (4) ਸ਼ੇਰ (5) ਸਿੰਘ
(6) ਜਿਸ ਦੀ ਸਰਨ ਹੈ (7) ਹੁਕਮ (8) ਉਤੇ (9) ਕਹੀ ਮਿਟੀ ਪੂਰਨ ਵਾਣੀ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕੁਝ ਬਚਨ

ਰਾਮਸਰ ਬਾਰੇ :

(ੳ) ਰਾਮਸਰ ਤੋਂ ਦੂਰ ਜਾ ਕੇ ਮਦਾਨ ਹੋਵੇ।
(ਅ) ਚੀਤਾ ਵੀ ਦੂਰ ਛਡੋ।
(ੲ) ਦਾਤਨ ਵੀ ਦੂਰ ਜਾਕੇ ਕਰੋ।
(ਸ) ਸਣੇ ਕੇਸੀ ਅਦਬ ਨਾਲ ਅਸ਼ਨਾਨ ਕਰੋ।
(ਹ) ਹੁਣ ਤਾਂ ਲੋਕ ਜਗ੍ਹਾ ਰੋਕਦੇ ਹਨ, ਸਮਾਂ ਆਵੇਗਾ ਤਾਂ ਸਭ ਛੁਡਾਈਆਂ ਜਾਣਗੀਆਂ।
(ਕ) ਜੋ ਬੇਅਦਬੀ ਕਰੇਗਾ ਉਸਨੂੰ ਅਸ਼ਨਾਨ ਦਾ ਕੋਈ ਫਲ ਨਹੀ।
(ਖ) ਇਹ ਸਤਿਜੁਗ ਦਾ ਤੀਰਥ ਹੈ।
(ਗ) ਜੋ ਰਾਮਸਰ ਦੀ ਕਾਰ ਕਢੇਗਾ ਸੋ ਖੁਲ੍ਹੀਂ ਦਰਵਾਜੀਂ ਗੁਰੂ ਕੀ ਪੁਰੀ ਕੋ ਜਾਵੇਗਾ।
(ਘ) ਸਤਿਗੁਰੂ (ਰਾਮ ਸਿੰਘ) ਜੀ ਕਾ ਹੁਕਮ ਹੈ ਕਿ ਏਹ ਸਤਿਜੁਗ ਕਾ ਤੀਰਥ ਹੈ। ਰਾਮ ਚੰਦਰ ਜੀ ਏਥੇ ਤਪ ਕੀਤਾ ਹੈ। ਇਸ ਕਰਕੇ ਰਾਮਸਰ ਨਾਮ ਰਖਿਆ ਹੈ। ਅਸਾਂ ਅਪਣੈ ਨਾਮ ਪਰ ਨਾਮ ਨਹੀਂ ਰਖਿਆ ਹੈ।

ਲੰਗਰ ਦੀ ਮਹਾਨਤਾ:

(ੳ) ਅਸੀਂ ਜੋ ਦਮੋੜਾ ਲਿਆਂਵਦੇ ਹਾਂ ਲੰਗਰ ਵਾਸਤੇ ਹੀ ਲਿਆਂਵਦੇ ਹਾਂ ਏਥੇ ਜ਼ਮੀਨਾਂ ਨਾਲ ਲੰਗਰ ਨਹੀਂ ਚਲਦਾ। ਆਪ ਸਤਿਗੁਰੂ (ਰਾਮ ਸਿੰਘ) ਜੀ ਕਮਰ ਕੱਸਾ ਕਰੀ ਖੜੇ ਹੈਂ। ਸਾਰਾ ਫਿਕਰ ਸਤਿਗੁਰੂ ਨੂੰ ਹੈ ਸਾਨੂੰ ਤਾਂ ਕੋਈ ਫਿਕਰ ਨਹੀਂ।
(ਅ) ਸਦਣ ਕਿਸੇ ਨੂੰ ਜਾਂਦੇ ਨਹੀਂ, ਆਏ ਨੂੰ ਪਰਸਾਦਾ ਦਿੰਦੇ ਹਾਂ। ਭੁੱਖੇ ਨੂੰ ਜਾਣ ਨਹੀਂ ਦਿੰਦੇ। ਜਿਤਨਾ ਚਿਰ ਅੰਦਰ ਦਾਣੇ ਹੈਂ ਉਤਨਾ ਚਿਰ ਲੰਗਰ ਬੰਦ ਨਹੀਂ ਹੁੰਦਾ । (੧੯੫੬ ਬਿ: ਦੇ ਕਾਲ ਸਮੇਂ)

ਗਰੀਬੀ:

(ੳ) ਅਸੀਂ ਤਾਂ ਗਰੀਬ ਹਾਂ। ਮਾਲਾ ਹੀ ਫੜਾਵਾਂਗੇ ਜੁਧ ਨਹੀ ਕਰਵਾਵਾਂਗੇ। ਸਾਡੇ ਕੋਲ ਵੀ ਗਰੀਬ (ਹੀ) ਰਹਿੰਦੇ ਹਨ।
(ਅ) ਨਿੰਦਕਾਂ ਨੇ ਸਾਡੇ ਨਾਲ ਬੜੀ ਕੀਤੀ ਹੈ। ਕਿਸੇ ਨੇ ਕਸਰ ਨਹੀ ਛਡੀ ਹੈ। ਅਸੀਂ ਚੁਪ ਕਰ ਰਹੇ ਹੈਂ। ਜਿਉਂ ਕੰਡੇਰਨਾ ਸਪ ਦੀ ਪੂਛ ਫੜਕੇ ਬੈਠ ਰਹਿੰਦਾ ਹੈ, ਸਰਪ ਆਪੇ ਹੀ ਡੰਗ ਮਾਰ ਮਾਰ ਕੇ ਮਰ ਜਾਂਦਾ ਹੈ। ਇਸੀ ਤਰ੍ਹਾਂ ਨਿੰਦਕ ਨਿੰਦਾ ਕਰਦੇ ਕਰਦੇ ਹਾਰ ਗਏ ਹੈਂ।
(ੲ) (ਗੁਰੂ ਰਾਮ ਸਿੰਘ ਜੀ ਨੇ ਇਕ ਵਾਰ ਅਪਣੇ ਛੋਟੇ ਭਾਈ ਨੂੰ ਬਚਨ ਕੀਤਾ ਸੀ- ਮੇਰਾ ਤਾਂ ਬਰਗ ਮਿਰਗ ਹੈ ਤੇ ਭਾਈ ਤੇਰਾ ਬਰਗ ਚੂਹੇ ਕਾ ਹੈ। ਮੈਂ ਤਾਂ ਜਾਵਾਂਗਾ ਤੇ ਤੂੰ ਐਥੇ ਹੀ ਬੈਠਾ ਜੜਾਂ ਕਤਰ ਦੇਈਂ। ਗਰੀਬ ਹੋਏ ਕੇ ਦਿਨਕਟੀਂ।)

ਹੰਕਾਰੀ ਤੇ ਝੂਠਾ :

ਜੋ ਹੰਕਾਰੀ ਜੀਵ ਤੇ ਝੂਠ ਬੋਲਣ ਵਾਲਾ ਹੈ ਉਹ ਨਹੀਂ ਬਖਸਿਆ ਜਾਣਾ।

ਭਜਨ ਬਾਣੀ :

(ੳ) ਮੌਤ ਤਾਂ ਸਭ ਦੇ ਸਿਰ ਪਰ ਖੜੀ ਹੈ। ਕੋਈ ਦਿਨ ਦਾ ਹੀ ਚਮਤਕਾਰ ਹੈ। ਧੰਨ ਜਨਮ ਹੈ ਜੋੜੇ ਨਾਮ ਜਪਦੇ ਹੈਂ ਤੇ ਬਾਣੀ ਪੜਦੇ ਹੈਂ।
(ਅ) ਮਨੁਖਾ ਸਰੀਰ ਬੜੇ ਪੁੰਨਾਂ ਕਰਕੇ ਪ੍ਰਾਪਤ ਹੁੰਦਾ ਹੈ। ਅਮੋਲਕ ਸਰੀਰ ਮੈ ਅਮੋਲਕ ਨਾਮ ਮਿਲਿਆ ਹੈ। ਰੀਤੀ ਗੁਰੂ ਜੀ ਕੀ ਮੈ ਤਕੜੇ ਹੋਵੇ। ਢਿੱਲੇ ਨ ਹੋਵੇ।
(ੲ) ਇਕ ਸਿੰਘ ਨੇ ਅਰਜ਼ ਕੀਤੀ, ਜੀ ਚਿਤ ਨੂੰ ਸਾਂਤਗੀ ਮਿਲੇ ਤਾਂ ਹੀ ਡੇਰੇ ਮੇਂ ਰਹਿਣਾ ਠੀਕ ਹੈ। ਸਤਿਗੁਰਾਂ ਬਚਨ ਕੀਤਾ- ਮਨ ਜਾਂਦਾ ਹੈ ਤਾਂ ਜਾਣ ਦਿਓ। ਦ੍ਰਿੜ ਕਰ ਰਖੋ ਸਰੀਰ ਭਜਨ ਬਾਣੀ ਕਰੀ ਜਾਓ। ਮਨ ਆਪੇ ਹੀ ਫਿਰ ਕੇ ਆਇ ਜਾਇਗਾ।

ਵੀਰ ਦੀ ਯਾਦ;

ਸਤਿਗੁਰੂ (ਰਾਮ ਸਿੰਘ) ਜੀ ਜਦ ਮਸਤਾਨੇ ਹੁੰਦੇ ਸਨ ਤਾਂ ਨੇੜੇ ਨਾ ਸੀ ਕੋਈ ਜਾਂਦਾ। ਮੇਰੇ ਨਾਲ ਬਚਨ ਬਿਲਾਸ ਕਈ ਕਰਨੈ ਪ੍ਰਸੰਨ ਹੋ ਕੇ। ਮੈਂ ਪੁਛਿਆ, ਜੀ ਤੁਸੀਂ ਮੇਰੇ ਨਾਲ ਸੁਭਾਉ ਵੇਲੇ ਨਹੀਂ ਬੋਲਦੇ.....ਸਤਿਗੁਰੂ ਜੀ ਬਚਨ ਕੀਤਾ ਤੇਰੇ ਨਾਲ ਮੈਂ ਸਦਾ ਹੀ ਇਕ ਰੰਗ ਹਾਂ। ਤੇਰੇ ਨਾਲ ਮੇਰਾ ਦੂਜਾ ਸੁਭਾਉ ਕਦੇ ਨਹੀਂ ਹੋਇਆ। ਤੇਰੀ ਬੜੀ ਕਮਾਈ ਕੀਤੀ ਹੋਈ ਹੈ।

ਇਸ਼ਨਾਨ:

ਸਤਿਗੁਰੂ ਜੀ ਕਾ ਬਚਨ ਹੈ ਜੇਕਰ ਅੰਨ ਪਾਣੀ ਅੰਦਰ ਨਾ ਲੰਘੇ ਤਾਂ ਭੀ (ਸਿੰਘ) ਇਸ਼ਨਾਨ ਕਰ ਲਵੇ। ਇਸ਼ਨਾਨ ਕਰਨੇ ਸੇ ਭਜਨ ਬਾਣੀ ਔਖਾ ਹੁੰਦਾ ਹੈ। ਬਿਨਾ ਇਸ਼ਨਾਨ ਭੂਤ ਬਿਰਤੀ ਰਹਿੰਦੀ ਹੈ।

ਅਟਲ ਪ੍ਰਤਾਪੀ ਬਾਰੇ:

ਇਕ ਸਮੇਂ (ਸਤਿਗੁਰੂ) ਪ੍ਰਤਾਪ ਸਿੰਘ ਜੀ ਖੇਡਦੇ ਹੈਂ। ਦੇਖਕੇ ਬਚਨ ਕੀਤਾ- ਸ਼ਤਾਬੀ ਸ਼ਤਾਬੀ ਬਡਾ ਹੋ। ਫੇਰ ਬਚਨ ਕੀਤਾ- ਏਹੀ ਪੁਗਣਗੇ ਜਿਸਨੂੰ ਪੁਗਣਾ ਹੈ।

ਉਪਰੋਕਤ ਬਚਨ 'ਸ੍ਰੀ ਸਤਿਗੁਰੂ ਬਿਲਾਸ' ਕ੍ਰਿਤ ਭਾਈ ਸੰਤੋਖ ਸਿੰਘ ਜੀ ਵਿਚੋਂ ਸੰਕਲਤ ਕੀਤੇ ਗਏ ਹਨ।

-ਪ੍ਰੀਤਮ ਸਿੰਘ ਕਵੀ

ੴੴੴ

Sri Satguru Jagjit Singh Ji Elibrary NamdhariElibrary@gmail.com

NO. ....

DATE ....

ਜੋਤ ਦਾ ਜਾਮ

ਸ੍ਰੀ ਗੁਰੂ ਹਰੀ ਸਿੰਘ ਜੀ

ਸਿਮਰੀਐ

ਜਿਨ

ਟੂਟੀ ਲਟੀ ਮਿਲਾਏ

NO. ....

DATE ....

ਜੋਤ ਕਾ ਜਾਮਾ

ਸ੍ਰੀ ਗੁਰੂ ਹਰੀ ਸਿੰਘ ਜੀ

ਸਿਮਰੀਐ

ਜਿਨ

ਟੂਟੀ ਲਟੀ ਮਿਲਾਏ

Sri Satguru Jagjit Singh Ji Elibrary NamdhariElibrary@gmail.com

ਧੰਨ
ਗੁਰੂ ਹਰੀ ਸਿੰਘ ਜੀ

ਹਰੀ   ਹਰੀ ਰੂਪ, ਸਤਿਗੁਰੂ ਹਰੀ ਸਿੰਘ
ਹਰੀ ਅਵਤਾਰ ਧਾਰ, ਆਪ ਪ੍ਰਭੂ ਆਏ ਹੈਂ ।
ਗੁਰੂ ਰਾਮ ਸਿੰਘ ਜੀ ਦੇ ਪਿੱਛੇ ਗਦੀ ਬੈਠਕੇ ਤੇ
ਸੁੱਕੀ ਖੇਤੀ ਤਾਂਈਂ ਹਰੀ ਕਰਕੇ ਵਖਾਏ ਹੈਂ ।
ਚਾਂਦ ਕੇ ਸਮਾਨ ਗੁਰੂ ਹਰੀ ਸਿੰਘ,
ਠੰਡੀ ਠੰਡੀ ਰੋਸ਼ਨੀ ਸੰਗਤ ਮੇਂ ਵਰਸਾਏ ਹੈਂ ।
ਮਾਤਾ ਸਦਾ ਕੌਰ ਪਿਤਾ ਜੱਸਾ ਸਿੰਘ ਜੀ ਦੇ ਗ੍ਰਿਹ
ਸ੍ਰੀ ਸਤਿਗੁਰੂ ਹਰੀ ਸਿੰਘ ਭਾਗ ਲਾਏ ਹੈਂ ।

ਖੁਸ਼ੀਆਂ ਤੇ ਖੇੜੇ ਦਾ ਸੰਦੇਸ਼ ਲਿਆਉਣ ਵਾਲੀ
ਮਿਠੀ ਮਿਠੀ ਪਵਣ ਸੋਹਣੀ ਭੈਣੀ ਵਲੋਂ ਆਈ ਏ
ਪ੍ਰਗਟਿਆ ਜਹਾਨ ਅਜ ਵੀਰ ਹਰੀ ਰਾਮ ਜੀ ਦਾ
ਜੋਤ ਨੂਰਾਨੀ ਸੁੰਦਰ ਮੁਖੜਾ ਇਲਾਹੀ ਏ
ਅੱਸੂ ਸੁਦੀ ਤੀਜ ਸੋਹਾਣੀ ਹੋਈ ਜਗ ਉਤੇ
ਰਾਗੀਆਂ ਰਬਾਬੀਆਂ ਧੁਨ ਏਹੋ ਗਾਈ ਏ
ਵਾਰੀ ਵੈਂਦਾ ਘੋਲੀ ਜਾਵਾਂ ਏਸ ਮੋਹਣੀ ਮੂਰਤ ਤੋਂ
ਟੁੱਟੀ ਗੰਢ ਦਿਤੀ ਜਿਨ ਵਿਛੜੀ ਮਿਲਾਈ ਏ

ਸੁੰਦਰ ਸਿੰਘ ਜੀ

Sri Satguru Jagjit Singh Ji Elibrary   NamdhariElibrary@gmail.com

NO. ____________

DATE ____________

ਧੰਨ
ਗੁਰੂ ਹਰੀ ਸਿੰਘ
ਟੁੱਟੀ ਤੂੰ ਮਿਲਾਈ ਏ

ਗੀਤ

ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ
ਠੰਢੀ ਤੇਰੀ ਮੂਰਤੀ ਨੇ ਠੰਢ ਵਰਤਾਈ ਏ
ਰੁਸੀਆਂ ਬਹਾਰਾਂ ਜਦੋਂ ਰਾਮ ਗਏ ਦੂਰ ਸਨ
ਭਰੇ ਅਰਮਾਨਾਂ ਦੇ ਜੋ ਦਿਲ, ਹੋਏ ਚੂਰ ਸਨ
ਪੰਥ ਦੇ ਬਗੀਚੇ ਖਿਜ਼ਾ ਖਿੱਲੀਆਂ ਮਰਾਈ ਏ
ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ
ਖੋਹ ਕੇ ਪਿਆਰਾ ਪਹਿਲਾਂ ਸੀਨਾ ਮੇਰਾ ਸੱਲਿਆ
ਫੇਰ ਮੇਰਾ ਬੂਹਾ ਆਣ ਚਿੱਲਿਆਂ ਨੇ ਮੱਲਿਆ
ਇੰਜ ਕਹਿੰਦੀ ਭੈਣੀ, ਉਹਦੇ ਚਰਨਾਂ ਨੂੰ ਧਾਈ ਏ
ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ
ਆਪ ਭਾਵੇਂ ਲੱਖਾਂ ਹੀ ਮੁਸੀਬਤਾਂ ਨੇ ਝੱਲੀਆਂ
ਸੰਗਤਾਂ ਨੂੰ ਦੇਂਦੇ ਰਹੇ, ਨਿਤ ਹੀ ਤਸੱਲੀਆਂ
ਗੋਰਾ ਜਾਊ, ਰਾਮ ਆਊ, ਗੱਲ ਸਮਝਾਈ ਏ
ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ
ਲਖਾਂ ਕਾਲ ਪੀੜਤਾਂ ਨੂੰ ਗੋਦ 'ਚ ਬਠਾਲਿਆ
ਸੁਕਿਆਂ ਨੂੰ ਹਰਾ ਕੀਤਾ, ਟੁੱਟਿਆਂ ਸੰਭਾਲਿਆ
ਦੁਖੀਆਂ ਨੂੰ ਗਲ ਲਾ ਕੇ ਦਿੱਤੀ ਵਡਿਆਈ ਏ
ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ

ਸੰਤ ਬਲਬੀਰ ਸਿੰਘ

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਪਾਤਸ਼ਾਹ ਵਲੋਂ ਪ੍ਰਦੇਸ ਜਾਣ ਵੇਲੇ
ਸ੍ਰੀ ਸਤਿਗੁਰੂ ਹਰੀਸਿੰਘ ਜੀ
ਨੂੰ

ਹੁਕਮ

ਫੇਰ ਹੁਕਮ ਕੀਤਾ ਬੁਧ ਵੀਰ ਤਾਈਂ, ਫਰਕ ਤੁਸਾਂ ਦੇ ਵਿਚ ਨ ਜਰੀ ਹੈ ਜੀ
ਲੱਤ ਮਾਰ ਕੇ ਮਾਣ ਹੰਕਾਰ ਉਤੇ, ਕੀਤੀ ਤੁਸਾਂ ਤਪੱਸਜਾ ਬੜੀ ਹੈ ਜੀ

ਨਾਮ ਬੁਧ ਸਿੰਘ ਦਾ ਸਮੇਂ ਨਾਲ ਬਦਲੇ, ਰਖਣਾ ਸੰਗਤਾਂ ਨੂੰ ਤੁਸਾਂ ਨੇ ਹਰੀ ਹੈ ਜੀ
ਖੇਤੀ ਪੰਥ ਦੀ ਆਪ ਨੂੰ ਸੌਂਪਦੇ ਹਾਂ, ਜੁਮੇਂਵਾਰੀ ਇਹ ਆਪ ਵਿਚ ਧਰੀ ਹੈ ਜੀ

ਛੱਤੀ ਸਾਲ ਪੂਰੇ ਸਤਿਗੁਰੂ ਹਰੀ ਸਿੰਘ ਜੀ, ਵਿਰਹੋਂ ਭਜਨ ਦੇ ਵਿਚ ਗਲਤਾਨ ਸੀ ਰਹੇ
ਨੈਣ ਮੁੰਦ ਤੇ ਨੀਵੀਂ ਪਾ ਗਰਦਨ ਸਦਾ, ਮਸਤੀ ਵਿਚ ਗੁਰੂ ਧਿਆਨ ਹੀ ਰਹੇ
ਝੱਖੜ ਝੁਲਦੇ ਰਹੇ ਮੁਸੀਬਤਾਂ ਦੇ ਨਿਤ, ਆਂਵਦੇ ਸਖਤ ਤੂਫਾਨ ਵੀ ਰਹੇ
ਵੈਰੀ ਧਰਮ ਦੇ ਸੀ ਇਹਦੇ ਗਿਰਦ ਫਿਰਦੇ, ਤੇ ਸਤਾਂਵਦੇ ਕਈ ਸ਼ੈਤਾਨ ਭੀ ਰਹੇ
ਐਪਰ ਲਾਜ ਰਖੀ ਚੀਨੀ ਵਾਲੜੇ ਨੇ
ਕੀਤਾ ਕੌਲ ਇਕਰਾਰ ਨਿਭਾ ਦਿਤਾ
ਦੋ ਮੂਰਤਾਂ ਵਿਚ ਇਕ ਜੋਤ ਰਖਕੇ ਸਭ ਨੂੰ ਪਰਤੱਖ ਵਿਖਾ ਦਿਤਾ

ਸੂਬਾ ਹਰਨਾਮ ਸਿੰਘ ਜੀ
ਲਖਨਊ

Sri Satguru Jagjit Singh Ji Elibrary NamdhariElibrary@gmail.com

NO. ________

DATE ________

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਾਧ ਸੰਗਤ ਨੂੰ ਯਾਦ ਹੋਵੇਗਾ ਕਿ ਮੱਖਣ ਸ਼ਾਹ ਲੁਬਾਣੇ ਦੇ ਗੁਰੂ ਲਾਧੋ ਰੇ ਦੀ ਪਲੂ ਫੇਰ ਕੇ ਦੁਹਾਈ ਦੇਣ ਪਿਛੋਂ ਇਕ ਵੇਰ ਸ੍ਰੀ ਗੁਰੂ ਤੇਗ ਬਹਾਦਰ ਜੀ ਮੱਖਣ ਸ਼ਾਹ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਗਏ ਸਨ ਗੁਰਦੁਆਰੇ ਦੇ ਪੁਜਾਰੀਆਂ ਨੂੰ ਭੋਖਲਾ ਪੈ ਗਿਆ ਕਿ ਇਹ ਸਮੇਂ ਦੇ ਗੁਰੂ ਹਨ, ਸ਼ਾਇਦ ਸਾਡੇ ਕੋਲੋਂ ਚੜ੍ਹਾਵੇ ਦਾ ਹਿਸਾਬ ਮੰਗਣ ਲਈ ਜਾਂ ਉਂਞ ਹੀ ਗੁਰਦੁਆਰੇ ਤੇ ਕਬਜ਼ਾ ਕਰਨ ਲਈ ਆਏ ਹਨ। ਸਾਰੇ ਪੁਜਾਰੀ ਡਰਦੇ ਮਾਰੇ ਗੁਰਦੁਆਰੇ ਦੇ ਦਰਵਾਜ਼ੇ ਬੰਦ ਕਰ ਤਾਲੇ ਲਾ ਕੇ ਲੁਕ ਛਿਪ ਗਏ। ਅੰਤਰਜਾਮੀ ਸਤਿਗੁਰੂ ਜੀ ਪੁਜਾਰੀਆਂ ਦੀ ਬਦ ਨੀਅਤ ਨੂੰ ਤਾੜ ਗਏ ਅਤੇ ਬਾਹਰੋਂ ਹੀ ਗੁਰਦੁਆਰੇ ਨੂੰ ਨਮਸਕਾਰ ਕਰ ਕੇ ਚਲੇ ਗਏ ਸਨ

ਇਸੇ ਤਰਾਂ ਸੰਮਤ ੧੯੨੪ ਦੀ ਦੀਵਾਲੀ ਦੇ ਮੌਕੇ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਆਏ। ਉਸ ਸਮੇਂ ਤਕਰੀਬਨ ਵੀਹ ਹਜ਼ਾਰ (20000) ਨਾਮਧਾਰੀ ਸਿਖ ਆਪ ਜੀ ਦੇ ਨਾਲ ਸਨ। ਸਰਕਾਰੀ ਅਫਸਰਾਂ ਨੇ ਬੜਾ ਸੁਆਗਤ ਕੀਤਾ। ਸ਼ਹਿਰ ਦੇ ਵਡੇ ਵਡੇ ਸਰਦਾਰ, ਪਤਵੰਤੇ, ਸਰਕਾਰੀ ਅਫਸਰ, ਅਤੇ ਚੌਧਰੀ ਵੀ ਦਰਸ਼ਨ ਕਰਨ ਵਾਸਤੇ ਆਏ, ਪੋਲੀਸ ਦਾ ਪੂਰਾ ਇੰਤਜ਼ਾਮ ਸੀ।

ਗਿਆਨੀ ਗਿਆਨ ਸਿੰਘ ਜੀ ਇਸ ਤਰਾਂ ਲਿਖਦੇ ਹਨ

ਦੀਪ ਮਾਲਾ ਚੌਬੀ ਸਾਲ ਹੂੰ ਕੀ ਪਰ ਸੁਧਾਸਰ,
ਆਯੋ ਹਾਕਮੋਂ ਨੇ ਕੀਨੀ ਖਾਤਰ ਸੁਰੰਗ ਹੈ।
ਉਤਰਯੋ ਬਹਿਰ ਚਾਟੀਵਿੰਡ ਦਰਵਾਜ਼ੇ ਹੂੰ ਤੇ,
ਬੀਸਕ ਹਜ਼ਾਰ ਕੂਕਾ ਸਿੰਘ ਥਯੋ ਸੰਗਿ ਹੈ।
ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ,
ਤੋ ਪੁਜਾਰੀਓਂ ਨੇ ਕੀਨ ਯੋਂ ਕੁਢੰਗ ਹੈ।

Translation by Dr Harbhajan Singh is as follows:—

(He) Sri Satguruji was accorded a warm welcome by the Government officials when he (Satguruji) visited Amritsar during the Diwali festival in 1924 Bikrami. He camped outside Chatiwind gate, with nearly twenty thousand KUKAS in company. He went to the Golden temple with abundant offering of Prasad; but the Pujaris (Clerics) acted malevolently.

ਗੁਰਦੁਆਰੇ ਦੇ ਪੁਜਾਰੀ ਸਤਿਗੁਰੂ ਜੀ ਦੀ ਸੋਭਾ ਵੇਖ ਕੇ ਜਰ ਨ ਸਕੇ। ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨਾਲ ਕੋਈ ਵਾਸਤਾ ਨਹੀਂ ਸੀ ਭਾਵੇਂ ਵਧੇ ਜਾਂ ਘਟੇ। ਉਨ੍ਹਾਂ ਦਾ ਸਿਖਾਂ ਦੇ ਆਚਰਣ ਦਾ ਸੱਚਾ ਅਤੇ ਸੁਚਾ ਹੋਣ ਜਾਂ ਸਿਖਾਂ ਦਾ

Sri Satguru Jagjit Singh Ji Elibrary NamdhariElibrary@gmail.com

ਭਜਨ ਬਾਣੀ ਕਰਨ ਨਾਲ ਵੀ ਕੋਈ ਵਾਸਤਾ ਨਹੀਂ ਸੀ ।
ਉਨ੍ਹਾਂ ਨੂੰ ਤਾਂ ਆਪਣੀ ਮਾਨਤਾ ਅਤੇ ਭੇਟਾ ਦੇ ਘਟ ਜਾਣ ਦਾ ਫਿਕਰ ਸੀ ।
ਪੁਜਾਰੀ ਜਾਂ ਮਹੰਤ ਗੁਰਦੁਆਰਿਆਂ ਨੂੰ ਅਪਣੀ ਨਿੱਜੀ ਜਾਇਦਾਦ ਸਮਝਦੇ ਸਨ ਅਤੇ ਭੇਟਾ ਨੂੰ ਜਾਇਦਾਦ ਦੀ ਆਮਦਨ ਸਮਝਦੇ ਸਨ । ਹੁਣ ਜਦੋਂ ਸਤਿਗੁਰੂ ਰਾਮ ਸਿੰਘ ਜੀ ਭੇਟਾ ਅਤੇ ਕੜਾਹ ਪਰਸ਼ਾਦ ਲੈ ਕੇ, ਸੰਗਤ ਸਮੇਤ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਹੋਏ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆਏ ਤਾਂ ਪੁਜਾਰੀਆਂ ਨੂੰ ਤੌਖਲਾ ਪੈ ਗਿਆ ਕਿ ਸ਼ਾਇਦ ਗੁਰਦੁਆਰੇ ਤੇ ਕਬਜ਼ਾ ਹੀ ਨ ਕਰ ਲੈਣ । ਪੁਜਾਰੀ ਨਹੀਂ ਸਨ ਚਾਹੁੰਦੇ ਕਿ ਸਤਿਗੁਰੂ ਜੀ ਗੁਰਦੁਆਰੇ ਦੇ ਅੰਦਰ ਆਉਣ । ਇਸੇ ਲਈ ਅਗੋਂ ਰੋਕਣ ਲਈ ਬਹਾਨੇ ਨਾਲ ਕਈ ਸ਼ਰਤਾਂ ਰਖ ਕੇ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ

ਕੋਈ ਤੋ ਹਜ਼ਾਰੋਂ ਹੀ ਰੁਪਯਾ ਰਿਸ਼ਵਤ ਮਾਂਗੈ,
ਕੋਊ ਤਨਖਾਹ ਚਾਰ ਪਾਂਚ ਲਾਖ ਮੰਗ ਹੈ
ਰੋਇ ਕੈ ਮਸਤ ਕੋਊ, ਕੂਕਾ ਨ ਉਤਾਰੇ ਪਾਗ,
ਸਿੱਖ ਨ ਕਹਾਵੈ ਤੇਰੇ, ਧਾਰੇ ਨੀਲ ਰੰਗ ਹੈ

Some (Pujaris) demanded Thousands of rupees as bribe, while Others insisted on imposition of a religious fine as big as four to five lakh of rupees. Other Condition :- No kuka shall take off his turban while in ecstasy, nor shall he call himself your Sikh. and he shall wear a blue dress.

ਭਾਵ ਇਹ ਹੈ ਕਿ "ਉਲਟਾ ਚੋਰ ਕੋਤਵਾਲ ਨੂੰ ਡਾਂਟੇ" ਅਨੁਸਾਰ ਪੁਜਾਰੀ ਆਪ ਤਾਂ ਗਲੇ ਗਵਾਤੇ ਸਨ ਅਤੇ ਤਨਖਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਲਾ ਰਹੇ ਸਨ । ਤਨਖਾਹ ਤਾਂ ਇਸ ਤਰ੍ਹਾਂ ਲਾ ਰਹੇ ਸਨ ਜਿਵੇਂ ਆਪ ਬੜੇ ਸੱਚੇ ਅਤੇ ਸੁੱਚੇ ਸਾਧੂ ਸਨ ਪਰ ਅਸਲ ਵਿਚ ਇਹ ਪੁਜਾਰੀ "ਮਨਿ ਅੰਧਾ ਨਾਉ ਸੁਜਾਣੁ" ਹੀ ਸਨ

ਅਫਸੋਸ ਸਦ ਅਫਸੋਸ । ਆਪ ਹੀ ਸੋਚੋ ਕਿ ਇਹ ਸੰਗਤ ਦਾ ਕੀ ਸਵਾਰਦੇ ਹੋਣਗੇ ? ਜਾਂ ਸੰਗਤ ਇਨ੍ਹਾਂ ਕੋਲੋਂ ਕੀ ਸਿਖਿਆ ਲੈਂਦੀ ਹੋਵੇਗੀ ? ਬਾਣੀ ਵਿਚ ਤਾਂ ਇਹ ਲਿਖਿਆ ਹੈ

ਗੁਰੁ ਸਦਾਏ ਅਗਿਆਨੀ ਅੰਧਾ
ਕਿਸੁ ਓਹੁ ਮਾਰਗਿ ਪਾਏ

ਭਾਵ ਜਿਹੜਾ ਆਪ ਹੀ ਅੰਨ੍ਹਾ ਹੋਵੇ ਉਸਨੇ ਦੂਜਿਆਂ ਨੂੰ ਰਾਹ ਕੀ ਦਸਣਾ ਹੈ ? ਹੁਣ ਇਨ੍ਹਾਂ ਦੀ ਤਨਖਾਹ ਵੀ ਪੜ੍ਹ ਲਈਏ । ਕੋਈ ਪੁਜਾਰੀ ਹਜ਼ਾਰਾਂ ਰੁਪਏ ਵੱਢੀ ਮੰਗਦਾ ਹੈ ਅਤੇ ਕੋਈ ਚਾਰ ਪੰਜ ਲਖ ਰੁਪਏ ਤਨਖਾਹ ਵਜੋਂ ਮੰਗਦਾ ਹੈ

ਫਿਰ ਨਾਲ ਇਹ ਵੀ ਸ਼ਰਤਾਂ ਰਖਦੇ ਹਨ ਕਿ ਕੋਈ ਸਿਖ ਤੁਹਾਨੂੰ
ਗੁਰੂ ਨ ਆਖੇ, ਕੋਈ ਸਿਖ ਮਸਤਾਨਾ ਨ ਹੋਵੇ ਅਤੇ ਨ ਹੀ ਕੋਈ ਆਪਣੀ ਪਗ ਉਤਾਰੇ
ਅਤੇ ਨ ਹੀ ਕਿਸੇ ਸਿਖ ਨੂੰ ਨੀਲੇ ਬਸਤਰ ਪਹਿਨਣ ਦੀ ਮਨਾਹੀ ਹੋਵੇ ।
ਇਸਦੇ ਉੱਤਰ ਵਿਚ ਸ੍ਰੀ ਸਤਿਗੁਰੂ ਜੀ ਨੇ ਪੁਜਾਰੀਆਂ ਨੂੰ ਸਮਝਾਂਦਿਆਂ ਆਖਿਆ ।

ਕਹਯੋ ਰਾਮਸਿੰਘ ਏਹ ਬਾਤ ਸਭਿ ਗੁਰੂ ਵਸ
ਸ਼ਕਤਿ ਨ ਮੋ ਮੈਂ ਏਤੀ ਫੇਰੋਂ ਮਨ ਢੰਗ ਹੈ ।

Sri Satguru ji replied that these conditions can be enforced by none but the Guru himself. It is beyond me to change the very psyche of the people.

ਸ੍ਰੀ ਸਤਿਗੁਰੂ ਜੀ ਨੇ ਆਖਿਆ ਕਿ ਸਿਖ ਨੂੰ ਤਨਖਾਹ ਲਾਉਣ ਦਾ ਹਕ ਸਿਰਫ ਸਤਿਗੁਰ
ਜੀ ਨੂੰ ਹੀ ਹੁੰਦਾ ਹੈ । ਜੇ ਤੁਸੀਂ ਆਪਣੇ ਆਪ ਨੂੰ ਕੁਝ ਸਮਝੀ ਬੈਠੇ ਹੋ ਤਾਂ
ਮੈਨੂੰ ਦੱਸੋ ਕਿ ਮੈਨੂੰ ਕਿਸ ਦੋਸ਼ ਕਰ ਕੇ ਤਨਖਾਹ ਲਾ ਰਹੇ ਹੋ । ਕੀ ਮੈਂ ਕਿਸੇ ਗਊ
ਨੂੰ ਮਾਰਿਆ ਹੈ ? ਕੀ ਮੈਂ ਕਿਸੇ ਸਾਧੂ ਸੰਤ ਦੀ ਹੱਤਿਆ ਕੀਤੀ ਹੈ ? ਕੀ ਮੈਂ ਕੋਈ ਲੜਕੀ ਵੇਚੀ
ਜਾਂ ਮਾਰੀ ਹੈ ? ਕੀ ਮੈਂ ਕਿਸੇ ਆਚਾਰਹੀਨ ਦਾ ਧਨ ਖਾਧਾ ਹੈ ? ਇਨ੍ਹਾਂ ਤੋਂ ਬਿਨਾ ਜੇ ਕੋਈ
ਹੋਰ ਵੀ ਦੋਸ਼ ਹੈ ਤਾਂ ਮੈਨੂੰ ਦੱਸੋ ।

ਹੋਰ ਜੋ ਗੁਰੂ ਸਦਾਉਣ ਦੀ ਗੱਲ ਹੈ ਉਹ ਵੀ ਸੁਣ ਲਓ । ਮੈਂ ਕੋਈ ਢੰਡੋਰਾ ਨਹੀਂ
ਫਿਰਾਯਾ ਹੋਇਆ ਕਿ ਮੈਨੂੰ ਗੁਰੂ ਜ਼ਰੂਰ ਆਖੋ ਅਤੇ ਨ ਹੀ ਮੈਂ ਕੋਈ ਐਲਾਨ ਕੀਤਾ ਹੈ ਕਿ
ਮੈਨੂੰ ਸਤਿਗੁਰੂ ਜ਼ਰੂਰ ਆਖੋ । ਇਹ ਤਾਂ ਆਪੋ ਆਪਣੀ ਭਾਵਨਾ ਹੈ । ਸਾਰੇ ਸੰਸਾਰ ਵਿਚ
ਭਾਵਨਾ ਅਨੁਸਾਰ ਹੀ ਇਕ ਦੂਜੇ ਨਾਲ ਵਰਤਾਉ ਕੀਤਾ ਜਾਂਦਾ ਹੈ । ਤੁਸੀਂ ਸਿਆਣੇ
ਹੋ ਅਤੇ ਜਾਣਦੇ ਹੋ

ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ
ਕੋਈ ਆਖੈ ਆਦਮੀ ਨਾਨਕੁ ਵੇਚਾਰਾ

ਹੁਣ ਮਸਤਾਨਿਆਂ ਦੀ ਗੱਲ ਵੀ ਸੁਣ ਲਓ । ਸਿਖ ਆਪਣੇ ਆਪ ਮਸਤਾਨੇ
ਨਹੀਂ ਹੁੰਦੇ । ਇਹ ਤਾਂ ਸ਼ਬਦ ਦੀ ਚੋਟ ਹੈ ਜਿਸ ਨੂੰ ਲਗਦੀ ਹੈ ਉਹ ਹੀ ਮਸਤਾਨਾ
ਹੋ ਜਾਂਦਾ ਹੈ । ਜੇ ਮੇਰੇ ਤੇ ਇਤਬਾਰ ਨਹੀਂ ਤਾਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚੋਂ
ਤਸਦੀਕ ਸ਼ੁਦਾ (تصدیق شدہ Certified) ਫੈਸਲਾ ਪੜ੍ਹ ਲਓ

ਆਪਨ ਬਉਰਾ ਰਾਮ ਕੀਓ ਬਉਰਾ ।

ਨਚਾ ਨਚ ਦਾ ਢੋਲਾ ਕਰਨ ਲਗ ਪਏ । ਏਸੇ ਮਸਤੀ ਦੀ
ਹਾਲਤ ਵਿਚ ਹੀ ਬਾਬਾ ਜੀ ਕਈ ਵੇਰ ਤਿੰਨ ਆਸਨ ਵਿਛਾ ਕੇ ਕਹਿਆ ਕਰਦੇ ਸਨ

ਆਉ ਬਾਬਾ ਬਾਲਕ ਸਿੰਘ ਜੀ ਬੈਠੋ
ਆਉ ਬਾਬਾ ਰਾਮ ਸਿੰਘ ਜੀ ਬੈਠੋ
ਆਉ ਬਾਬਾ ਬੁਧ ਸਿੰਘ ਜੀ ਬੈਠੋ

ਸਾਧਾਰਨ ਬੁੱਧੀ ਵਾਲੇ ਪੁਰਖ ਬਾਬਾ ਜੀ ਦੇ ਇਨ੍ਹਾਂ ਵਾਕਾਂ ਨੂੰ ਸਮਝ ਨਾ ਸਕੇ । ਸਮਝਣ ਵੀ ਕਿਸਤਰਾਂ ? ਇਹ ਸਮਾਂ ਉਹ ਸੀ ਜਦੋਂ ਸਤਿਗੁਰ ਰਾਮ ਸਿੰਘ ਜੀ ਹਾਲੀ ਨਾ ਗੁਰੂ ਬਾਲਕ ਸਿੰਘ ਜੀ ਨੂੰ ਮਿਲੇ ਸਨ ਅਤੇ ਨਾ ਹੀ ਹਜ਼ਰੋ ਸਾਹਿਬ ਗਏ ਸਨ । ਹਜ਼ਰੋ ਸਾਹਿਬ ਦੀ ਸੰਗਤ ਨੂੰ ਤਾਂ ਬਾਬੇ ਰਾਮ ਸਿੰਘ (ਸਤਿਗੁਰੂ ਰਾਮ ਸਿੰਘ ਜੀ) ਅਤੇ ਬਾਬੇ ਬੁਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਜੀ ਦਾ ਚਿਤ ਚੇਤਾ ਵੀ ਨਹੀਂ ਸੀ । ਸੰਗਤ ਸਮਝੇ ਜਾਂ ਨਾ ਸਮਝੇ ਪਰ ਸਾਧ ਦਾ ਬਚਨ ਭਾਵੇਂ ਭਵਿਖ ਸੂਚਕ ਸੀ ਪਰ ਹੈ ਤਾਂ ਅਟਲਾਧਾ ਸੀ । ਸੰਗਤ ਬਾਬਾ ਜੀ ਦੇ ਪਹਿਲੇ ਬਚਨ

"ਆਉ ਬਾਬਾ ਬਾਲਕ ਸਿੰਘ ਜੀ ਬੈਠੋ"

ਨੂੰ ਅਖੀਂ ਵੇਖਦੀ ਸੀ ਪਰ ਬਾਕੀ ਦੇ ਦੂਹਾਂ ਬਚਨਾਂ ਨੂੰ ਭੰਗ ਦੇ ਤਰੰਗ ਹੀ ਸਮਝਦੀ ਸੀ ਸੰਗਤ ਸਮਝਦੀ ਸੀ ਕਿ ਬਾਬਾ ਐਵੇਂ ਪਾਗਲਾਂ ਵਾਂਗੂ ਬੋਲਦਾ ਫਿਰਦਾ ਹੈ । ਕਿਉਂਜੋ

ਕਦਰੇ ਲਾਲ ਉ ਬਜੁਜ਼ ਆਸ਼ਕ ਨ ਦਾਨਦ ਹਰਕਸ

ਭਾਵ ਲਾਲ ਦੀ ਕੀਮਤ ਜੌਹਰੀ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ

ਖੈਰ ਸਮਾਂ ਬੀਤਦਾ ਗਿਆ । ਇਕ ਦਿਨ ਉਹ ਆਇਆ ਜਦੋਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰ ਗੱਦੀ ਵਾਲੀ ਅਮਾਨਤ ਖਿਆਨਤ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤੀ । ਸੰਗਤ ਨੂੰ ਹੁਣ ਚੇਤਾ ਆਇਆ ਕਿ ਇਹ ਤਾਂ ਬਾਬੇ ਬੈਰੇ ਵਾਲਾ ਬਚਨ ਪੂਰਾ ਹੋਇਆ ਹੈ ਜਿਹੜਾ ਉਹ ਕਈ ਸਾਲ ਪਹਿਲਾਂ ਆਸਨ ਵਿਛਾ ਕੇ ਕਹਿਆ ਕਰਦੇ ਸਨ

ਆਉ ਬਾਬਾ ਰਾਮ ਸਿੰਘ ਜੀ ਬੈਠੋ ।

ਸੰਗਤ ਨੇ ਬਾਬੇ ਜੀ ਦੇ ਪਹਿਲੇ ਦੋਵੇਂ ਬਚਨ ਪੂਰੇ ਹੁੰਦੇ ਅਪਣੀ ਅੱਖੀਂ ਵੇਖ ਲਏ ਸਨ ਪਰ ਤੀਜਾ ਬਚਨ ਹਾਲੀ ਸੰਦੇਹ ਯੁਕਤ ਸੀ ।

ਹੁਣ ਸ੍ਰੀ ਸਤਿਗੁਰੂ ਰਾਮ ਜੀ ਨੇ ਗੁਰ ਗੱਦੀ ਸੰਭਾਲੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿਖੀ ਨੂੰ ਸੁਰਜੀਤ ਕੀਤਾ । ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਮਰਦਾਂ ਸਮਾਨ ਭਜਨ ਅਤੇ ਬਾਣੀ ਪੜ੍ਹਨ ਵਲ ਲਾਇਆ । ਕੁੜੀਆਂ ਮਾਰਨੀਆਂ ਅਤੇ ਕੁੜੀਆਂ ਵੇਚਣੀਆਂ ਬੰਦ ਕੀਤੀਆਂ । ਸਮਾਜ ਦੇ ਭਲੇ ਵਾਸਤੇ ਖਰਚੀਲੇ ਅਡੰਬਰ ਤਿਆਗ ਕੇ ਅਨੰਦ ਕਾਰਜ ਦੀ ਸਾਦਾ ਰਸਮ ਚਲਾਈ । ਸੁਦੇਸ਼ੀ ਚੀਜ਼ਾਂ ਦੇ ਵਰਤਣ ਦਾ ਪਰਚਾਰ ਕੀਤਾ । ਸਿਖਾਂ ਵਿਚ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਪਰਚਾਰ ਕੀਤਾ । ਬਾਈ (22) ਸੂਬੇ

Sri Satguru Jagjit Singh Ji Elibrary NamdhariElibrary@gmail.com

NO.

DATE

ਥਾਪ ਕੇ ਅੰਗਰੇਜ਼ੀ ਰਾਜ ਵਿਚ ਇਕ ਸਮਾਨੰਤਰ ਸਰਕਾਰ (PARALLEL GOVERNMENT) ਚਲਾਈ । ਆਪ ਜੀ ਦੇ ਸਿਖਾਂ ਨੇ ਭਾਰਤ ਦੇ ਧਰਮ ਦੇ ਵਿਸ਼ੇਸ਼ ਅੰਗ ਗਊ ਰੱਖਿਆ ਹਿਤ ਅੰਗਰੇਜ਼ੀ ਸਰਕਾਰ ਦੀ ਸ਼ਹਿ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਕੋਲ ਬੁਚੜ ਖਾਨੇ ਖੁਲ੍ਹਣ ਨੂੰ ਸਿਖਾਂ ਦੀ ਅਣਖ ਨੂੰ ਚੈਲੰਜ (Challenge) ਸਮਝਿਆ ਅਤੇ ਬੁਚੜਾਂ ਨੂੰ ਮਾਰ ਕੇ, ਬੇਗੁਨਾਹਾਂ ਨੂੰ ਛੁਡਾ ਕੇ ਬੜੀ ਬਹਾਦਰੀ ਨਾਲ ਸ਼ਹੀਦੀਆਂ ਪਰਾਪਤ ਕੀਤੀਆਂ । ਇਸੇ ਤਰ੍ਹਾਂ ਰਾਏ ਕੋਟ ਵਿਚ ਵੀ ਬੁਚੜਾਂ ਨੂੰ ਸੋਧ ਕੇ ਸ਼ਹੀਦੀਆਂ ਪਰਾਪਤ ਕੀਤੀਆਂ । ਫਿਰ ਮਲੇਰ ਕੋਟਲੇ ਹਮਲਾ ਕਰਕੇ ਬੁਚੜਾਂ ਨੂੰ ਸੋਧਿਆ ਅਤੇ ਸਰਕਾਰ ਨੂੰ ਝੂਠਿਆਂ ਕਰ ਕੇ ਖੁਸ਼ੀ ਖੁਸ਼ੀ ਮੌਤ ਰਾਣੀ ਨੂੰ ਗਲਵਕੜੀਆਂ ਪਾਈਆਂ । ਅਖੀਰ ਅੰਗਰੇਜ਼ੀ ਸਰਕਾਰ ਦੇ ਬਹਾਨੇ ਸਤਿਗੁਰੂ ਜੀ ਵੀ ਪ੍ਰਦੇਸ ਚਲੇ ਗਏ । ਜਦੋਂ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਤੋਂ ਗੱਡੇ ਵਿਚ ਬਹਿ ਕੇ ਟੁਰਨ ਲਗੇ ਤਾਂ ਸਾਰੀ ਸੰਗਤ ਰੋ ਰੋ ਕੇ ਸਤਿਗੁਰੂ ਜੀ ਅਗੇ ਨ ਜਾਣ ਦੀ ਬੇਨਤੀ ਕਰਦੀਸੀ ਪਰ ਰਜ਼ਾ ਦੇ ਮਾਲਕ ਨੇ ਸਭ ਨੂੰ ਭਾਣਾ ਮੰਨਣ ਲਈ ਹੁਕਮ ਕੀਤਾ

ਅਖੀਆਂ ਦੇ ਵਿਚ ਪਾਣੀ ਭਰ ਕੇ ਗੁਰੂ ਹਰੀਸਿੰਘ ਗੁੰਮ ਸੁੰਮ ਹੋਏ ।
ਧੀ ਇਕ ਪਾਸੇ, ਪਿਤਾ ਇਕ ਪਾਸੇ, ਭੁਬਾਂ ਮਾਰ ਕੇ ਸਾਰੇ ਰੋਏ ।
ਸੰਗਤ ਰੋਵੇ ਲਏ ਵਿਲਕਣੀਆਂ, ਐਸੀ ਸਾਲਾ ਕਦੇ ਨ ਹੋਏ ।
ਕਲਰ ਰੇਤ, ਪੰਜਾਬ ਦੇ ਟਿੱਬੇ, ਹੰਝੂਆਂ ਦੇ ਡੋਬੇ ਵਿਚ ਮੋਏ ।

(ਸੰਤ ਇੰਦਰਦਮਨ ਸਿੰਘ ਜੀ ਰਤਨ)

(ਅੰਗਰੇਜ਼ੀ ਸਰਕਾਰ ਨੇ ਜਦੋਂ)
ਮਾਲੀ ਨੂੰ ਜਾ ਹਥ ਪਾਏ ।
ਕੁਰਲਾਹਟ ਮਚ ਗਈ ।
ਭੈਣੀ ਦੀਆਂ ਗਲੀਆਂ ਵਿਚ ।
ਮਸਤਾਨੇ ਬਣ ਗਏ ਲੋਟਣ ਕਬੂਤਰ ।
ਮਾਈਆਂ ਕਮਲੀਆਂ ।
ਵਾਲ ਖੋਹਣ ।
ਦੋ ਹੱਥੜੀਂ ਪਿੱਟਣ ।
ਭਾਈ ਸੁਦਾਈ ।
ਕੂਕਣ ਝੂਮਕੇ ਨੈਣ ।

ਮਾਸਟਰ ਨਿਹਾਲ ਸਿੰਘ ਜੀ

ਬੁਧ ਸਿੰਘ ਬੇਸੁਧ ਮੂਰਛਾ
ਗਾੜ੍ਹੇ ਘਤੇ ਵੀਰੜੇ ਨੂੰ
"ਮੈਂ ਜਾਂਦਾ ਹਾਂ ਤੇਰੇ ਥਾਂ
ਮੈਂ ਨਵਾਂਦਾ ਹਾਂ ਬੇੜੀਆਂ"

Sri Satguru Jagjit Singh Ji Elibrary NamdhariElibrary@gmail.com



ਸ੍ਰੀ ਸਤਿਗੁਰੂ ਰਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਨੂੰ ਪ੍ਰਦੇਸ ਗਵਨ ਸਮੇਂ ਪੰਥ ਦੀ ਸੰਭਾਲਣਾ ਕਰ ਰਹੇ ਹਨ ।

— ੪ ਮਾਘ ਸੰਮਤ ੧੯੨੮ ਅਨੁਸਾਰ ੧੭ ਜਨਵਰੀ ੧੮੭੨ —



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੋਂਦੀ ਕੁਰਲਾਂਦੀ ਸੰਗਤ ਨੂੰ ਵਿਯੋਗ ਦੇਂਦੇ, ਪ੍ਰਦੇਸ ਨੂੰ ਚਾਲੇ ਪਾ ਰਹੇ ਹਨ ।

NO. ____________

DATE ____________

ਕੁਝ ਧੀਰਜ ਧਰ ਕੇ ਦੋਵੇਂ ਹੱਥ ਜੋੜ ਕੇ ਭਾਈ ਬੁਧ ਸਿੰਘ ਜੀ
ਨੇ ਬੇਨਤੀ ਕੀਤੀ ਕਿ "ਮੈਂ ਇਹ ਦੋਸ਼ ਮੰਨ ਲੈਂਦਾ ਹੈਂ ਕਿ ਸਿਖਾਂ ਨੂੰ ਮਲੇਰ ਕੋਟਲੇ ਮੈਂ
ਭੇਜਿਆ ਸੀ ਅਤੇ ਹੋਰ ਵੀ ਜਿਹੜਾ ਦੋਸ਼ ਸਰਕਾਰ ਆਪ ਜੀ
ਤੇ ਲਾਵੇ ਉਹ ਮੈਂ ਮੰਨ ਲੈਂਦਾ ਹਾਂ, ਆਪ ਜੀ, ਕ੍ਰਿਪਾ ਕਰ ਕੇ
ਸਾਧ ਸੰਗਤ ਤੇ ਤਰਸ ਕਰ ਕੇ ਇਥੇ ਹੀ ਦਰਸ਼ਨ ਦੇਂਦੇ
ਰਹੋ ਅਤੇ ਮੈਂ ਆਪ ਜੀ ਦੇ ਥਾਂ ਪ੍ਰਦੇਸ਼ ਚਲਾ ਜਾਂਦਾ ਹਾਂ"

ਈਹਾਂ ਤੁਮ ਸੁਹਾਵਤੇ ਹੈਂ
ਦਾਸ ਦੋਸ਼ ਗਾਇਲੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸਾਰੀ ਸੰਗਤ ਨੂੰ ਧੀਰਜ ਦੇਂਦਿਆਂ ਭਾਣਾ ਮੰਨਣ ਲਈ
ਹੁਕਮ ਕੀਤਾ ਉਥੇ ਭਾਈ ਬੁਧ ਸਿੰਘ ਜੀ ਨੂੰ "ਉਚੇਚੇ ਕਹਿਆ

ਬੋਲੇ ਤੁਮ ਪੀਛੈ ਸਭ ਕਾਰ
ਈਹਾਂ ਰਾਖੋ ਭਲੀ ਪ੍ਰਕਾਰ
ਕਰੀਓ ਭਜਨ ਕਰਾਵੋ ਔਰਨ
ਬਿਨਾ ਨਾਮ ਕਾਹੂ ਕੋਊ ਠੌਰ ਨ

(ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ)

ਹੇ ਭਾਈ ਤੁਸੀਂ ਕਿਸਮ ਦਾ ਫਿਕਰ ਨ ਕਰੋ" ਅਤੇ "ਮੇਰਾ ਬਚਨ ਮੰਨ ਕੇ

ਸਾਰ ਸੰਭਾਲ ਰਖੋ ਸਭ ਸੰਗਤ
ਇਤ ਦਰ ਦੀ ਹੋਵੇ ਲਖ ਪੰਗਤ

[illegible] ਤੁਰਿਆ, ਸੰਗਤ ਵੀ ਨਾਲ ਤੁਰ ਪਈ। ਸਤਿਗੁਰੂ ਜੀ ਨੇ ਆਪਣੀ ਆਜਾਨ ਬਾਂਹ
ਖੜੀ ਕਰ ਕੇ ਰੁਕਣ ਦਾ ਇਸ਼ਾਰਾ ਕੀਤਾ। ਹੁਕਮ ਦੀ ਕਾਰ ਨੂੰ ਕਉਣ ਉਲੰਘੇ ? ਸੰਗਤ ਰੁਕ
ਤੇ ਗਈ ਪਰ ਮਨ ਨ ਰੁਕੇ। ਅਖੀਰ ਗੋਪੀਆਂ ਦੀ ਤਰ੍ਹਾਂ
ਖਾ ਕੇ ਹਾਰ ਉਹ ਘਰਾਂ ਨੂੰ ਪਰਤ ਆਈਆਂ
ਜੋਰਾਵਰਾਂ ਨੇ ਬਾਜ਼ੀਆਂ ਜੀਤੀਆਂ ਨੀ

NO. ________
DATE ________

ਸ੍ਰੀ ਸਤਿਗੁਰੂ ਜੀ ਰੰਗੂਨ ਜਾਣ ਤੋਂ ਪਹਿਲਾਂ ਕੁਝ ਚਿਰ ਪਰਯਾਗਰਾਜ (ਅਲਾਹਾਬਾਦ) ਦੇ ਕਿਲ੍ਹੇ ਵਿਚ ਰਹੇ ਸਨ। ਇਥੇ ਇਕ ਦਿਨ ਵਡੇ ਅਫ਼ਸਰ ਨੇ ਸਤਿਗੁਰੂ ਜੀ ਕੋਲੋਂ ਪੁਛਿਆ ਕਿ 'ਬਾਬਾ ਸਾਹਿਬ, ਆਪ ਕੀਆਂ ਚਾਬੀਆਂ ਕਿਸ ਕੋ ਦਿੱਤੀਆਂ ਜਾਣ?' ਸਤਿਗੁਰੂ ਜੀ ਨੇ ਸਾਰਿਆਂ ਸੂਬਿਆਂ ਨੂੰ ਕੋਲ ਬਿਠਾ ਕੇ ਪੁਛਿਆ। ਕਿਸੇ ਕੁਝ ਕਿਹਾ ਕਿਸੇ ਕੁਝ ਪਰ ਸੂਬਾ ਕਾਨ੍ਹ ਸਿੰਘ ਜੀ ਨੇ ਜਿਨ੍ਹਾਂ ਹਰਦੁਆਰ ਅਰਧ ਕੁੰਭੀ ਸਮੇਂ ਗੋਲੀ ਨੂੰ ਅੱਗ ਲਾਉਣ ਵਾਲਾ ਕੌਤਕ ਅਪਣੀ ਅੱਖੀਂ ਡਿੱਠਾ ਸੀ, ਕਿਹਾ ਕਿ "**ਹੇ ਸੱਚੇ ਪਾਤਸ਼ਾਹ ਜੀ, ਇਹ ਕਾਰ ਤੇਰੇ ਭਾਈ ਤੋਂ ਬਿਨਾ ਕਿਸੇ ਹੋਰ ਕੋਲੋਂ ਨਹੀ ਹੋਣੀ**"

ਸਤਿਗੁਰੂ ਜੀ ਨੇ ਬਚਨ ਕੀਤਾ ਕਿ ਭਾਈ ਮੇਰੀ ਵੀ ਇਹੋ ਮਰਜ਼ੀ ਹੈ। ਕਈਆਂ ਸੂਬਿਆਂ ਨੂੰ ਭਾਵੇਂ ਰੋਸ ਸੀ ਪਰ ਰਜ਼ਾ ਵਾਲੇ ਦੀ ਰਜ਼ਾ ਇਸੇ ਤਰ੍ਹਾਂ ਸੀ। ਅੰਗਰੇਜ਼ਾਂ ਨੂੰ ਜਾਂ ਦੂਜਿਆਂ ਜੀਵਾਂ ਨੂੰ ਕੀ ਪਤਾ ਸੀ ਕਿ ਚਾਬੀਆਂ ਭਾਈ ਬੁਧ ਸਿੰਘ ਜੀ ਨੂੰ ਸੌਂਪਣ ਦਾ ਭਾਵ ਕੀ ਸੀ। ਸਪਸ਼ਟ ਹੈ ਕਿ ਇਹ ਚਾਬੀਆਂ ਜਿਥੇ ਡੇਰੇ ਦੀਆਂ ਚਾਬੀਆਂ ਕਹੀਆਂ ਜਾ ਸਕੀਦੀਆਂ ਹਨ ਉਥੇ ਧੁਰ ਦਰਗਾਹ ਦੀਆਂ ਚਾਬੀਆਂ ਵੀ ਆਖੀਆਂ ਜਾ ਸਕੀਦੀਆਂ ਹਨ।

ਪ੍ਰਯਾਗਰਾਜ ਇਕ ਬਹੁਤ ਵੱਡਾ ਅਤੇ ਬਹੁਤ ਪੁਰਾਣਾ ਤੀਰਥ ਹੈ। ਲੱਖਾਂ ਆਦਮੀ ਅਤੇ ਇਸਤਰੀਆਂ ਇਥੇ ਤੀਰਥ ਯਾਤਰਾ ਕਰਨ ਲਈ ਆਉਂਦੇ ਜਾਂਦੇ ਹਨ ਸਰਕਾਰ ਨੂੰ ਇਹ ਤੌਖਲਾ ਪੈ ਗਿਆ ਕਿ ਕਿਤੇ ਚੋਖੇ ਨਾਮਧਾਰੀ ਭੇਸ ਵਟਾ ਕੇ ਤੀਰਥ ਯਾਤਰਾ ਦੇ ਬਹਾਨੇ ਇਥੇ ਇਕੱਠੇ ਹੋ ਕੇ ਕੋਈ ਗੱਲ ਨ ਕਰ ਦੇਣ ਜਾਂ ਸਤਿਗੁਰੂ ਜੀ ਨਾਲ ਕੋਈ ਸੰਪਰਕ ਕਾਇਮ ਨ ਕਰ ਲੈਣ। ਇਸੇ ਡਰ ਤੋਂ ਸਰਕਾਰ ਨੇ ਬਿਨਾ ਮੁਕੱਦਮਾ ਚਲਾਏ ਹੀ ਸਤਿਗੁਰੂ ਜੀ ਨੂੰ ਇਕ ਸੇਵਕ ਸੰਤ ਨਾਨੂ ਸਿੰਘ ਜੀ ਸਮੇਤ ਰੰਗੂਨ ਭੇਜ ਦਿੱਤਾ। ਰੰਗੂਨ ਵਿਚ ਸਤਿਗੁਰੂ ਜੀ ਨੂੰ ਉਸ ਬੰਗਲੇ ਵਿਚ ਰਖਿਆ ਜਿਥੇ ਕਿਸੇ ਵਕਤ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਰਖਿਆ ਗਿਆ ਸੀ

ਭਾਈ ਗੁਰਦਾਸ ਜੀ ਲਿਖਦੇ ਹਨ

ਸਤਿਗੁਰੂ ਬਾਵਨੁ ਚੰਦਨੋ ਵ[illegible]ਸੁ [illegible]ਲੋਖੀਐ

ਕਹਿੰਦੇ ਹਨ ਕਿ ਚੰਦਨ ਦਾ ਬੂਟਾ ਭਾਵੇਂ ਜੰਗਲ ਵਿਚ ਵੀ ਹੋਵੇ ਉਥੇ ਵ[illegible] ਉਹ [illegible]ਹੀ ਸੁਗੰਧੀ ਫੈਲਾ ਦਿੰਦਾ ਹੈ। ਸਤਿਗੁਰੂ ਜੀ ਭਾਵੇਂ [illegible] ਜਾੜ ਵਿਚ ਹੀ [illegible] ਏ ਸਨ ਪਰ ਉਥੇ ਵੀ ਜਿਹੜਾ ਆਪ ਜੀ ਦਾ ਦਰਸ਼ਨ ਕਰਦਾ ਸੀ ਮੋਹਿਆ ਜਾਂਦਾ ਸੀ

ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਏ

ਅੰਗਰੇਜ਼ੀ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਕੇ ਵੀ ਸੰਤੁਸ਼ਟ ਨਹੀਂ ਸੀ ਹੋਈ । ਉਸ ਨੇ ਸਾਰੇ ਨਾਮਧਾਰੀ ਪੰਥ ਨੂੰ ਹੀ ਗੈਰ ਕਾ ਕਰਾਰ ਦੇ ਦਿੱਤਾ । ਨਾਮਧਾਰੀਆਂ ਵਾਸਤੇ 144 ਦਫ਼ਾ ਲਾਗੂ ਕੀਤੀ ਗਈ ਸੀ । ਪੰ ਇਕੱਠੇ ਨਹੀਂ ਸਨ ਹੋ ਸਕਦੇ । ਕੋਈ ਦੀਵਾਨ ਨਹੀਂ ਸਨ ਲਾ ਸਕਦੇ । ਕੋਈ ਪਾਠ ਨਹੀਂ ਸਨ ਕਰ ਸਕਦੇ । ਹਰ ਨਾਮਧਾਰੀ ਨੂੰ ਅਪਣੇ ਕਿਸੇ ਰਿਸ਼ਤੇਦਾਰ ਮਿਲਣ ਲਈ ਜਾਣ ਵਾਸਤੇ ਅਪਣੇ ਹਲਕੇ ਦੇ ਥਾਣੇਦਾਰ ਕੋਲੋਂ ਲਿਖਤੀ ਮਨ ਲੈਣੀ ਪੈਂਦੀ ਸੀ ਅਤੇ ਫਿਰ ਰਿਸ਼ਤੇਦਾਰ ਦੇ ਪਿੰਡ ਜਾ ਕੇ ਉਥੋਂ ਦੇ ਥਾਣੇਦਾਰ ਨੂੰ ਇਤਲਾਹ ਦੇਣੀ ਪੈਂਦੀ ਸੀ । ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਦਰਵਾਜ਼ੇ ਅਗੇ ਪੋਲੀਸ ਦੀ ਚੌਂਕੀ ਬੈਠਾਈ ਹੋਈ ਸੀ, ਪੰਜਾਂ ਸਿਖਾਂ ਤੋਂ ਵਧ ਅੰਦਰ ਨਹੀਂ ਸਨ ਜਾ ਸਕਦੇ ਭਾਵ ਕਿ ਸਰਕਾਰ ਵਲੋਂ ਬੜੀ ਸਖਤੀ ਕੀਤੀ ਜਾ ਰਹੀ ਸੀ । ਨਾਮਧਾਰੀਆਂ ਵਾਸਤੇ ਇਹ ਦੁਖ ਇੰਨੇ ਦੁਖਦਾਈ ਨਹੀਂ ਸਨ ਜਿੰਨਾ ਕਿ ਸ੍ਰੀ ਸਤਿਗੁਰੂ ਜੀ ਦੇ ਵਿਛੋੜੇ ਦਾ ਦੁੱਖ ਸੀ ਉਨ੍ਹਾਂ ਵਾਸਤੇ

ਨਹੀਂ ਭੁਲਣਾ ਵਿਛੋੜਾ ਤੇਰਾ, ਸਭ ਦੁੱਖ ਭੁੱਲ ਜਾਣਗੇ

ਭਾਵੇਂ ਸਤਿਗੁਰੂ ਜੀ ਨੂੰ ਕੋਈ ਕਿਤਲੇ ਨਹੀਂ ਲੈ ਜਾ ਸਕਦਾ ਸੀ ਪਰ ਪਰਤੱਖ ਦਰਸ਼ਨ ਨ ਹੋਣ ਕਾਰਨ ਸੰਗਤ ਬੜੀ ਅਧੀਰ ਰਹਿੰਦੀ ਸੀ । ਭਾਵੇਂ ਗੁਪਤ ਭਾਲ ਹੋ ਰਹੀ ਸੀ ਪਰ ਇਹ ਪਤਾ ਨਹੀਂ ਸੀ ਲਗ ਸਕਿਆ ਕਿ ਪਰਾਗਰਾਜ ਤੋਂ ਅਗੇ ਸਤਿਗੁਰੂ ਜੀ ਕਿਥੇ ਗਏ ਹਨ ? ਕੁਝ ਸਮਾ ਲੰਘ ਗਿਆ । ਨਾਮਧਾਰੀਆਂ ਨੇ ਗੁਝੇ ਤਰੀਕੇ ਨਾਲ ਆਪਣੇ ਆਪ ਨੂੰ ਸੰਭਾਲ ਲਿਆ । ਅਪਣੀ ਖ਼ੁਫ਼ੀਆ ਡਾਕ ਦਾ ਪਰਬੰਧ ਫਿਰ ਕਾਇਮ ਹੋ ਗਿਆ । ਨਵੇਂ ਰਸਤੇ ਸਿਥੇ ਗਏ । ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਾਰਿਆਂ ਪਾਸੋਂ ਖਬਰਾਂ ਪਹੁੰਚਣ ਲਗ ਪਈਆਂ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਟਿਕਾਣੇ ਦੀ ਭਾਲ ਦਾ ਕੰਮ ਵੀ ਸ਼ੁਰੂ ਹੋ ਗਿਆ

ਸ੍ਰੀ ਕਬੀਰ ਜੀ ਲਿਖਦੇ ਹਨ

ਕਬੀਰ ਕੇਸੋ ਕੇਸੋ ਕੂਕੀਐ, ਨ ਸੋਈਐ ਅਸਾਰ ।
ਰਾਤਿ ਦਿਵਸ ਕੇ ਕੂਕਨੇ, ਕਬਹੂ ਕੇ ਸੁਨੈ ਪੁਕਾਰ ॥

ਸੰਗਤ ਦੀਆਂ ਗੁਪਤ ਪਰਗਟ ਅਰਦਾਸਾਂ ਸੁਣ ਕੇ ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਬਿਧ ਬਣਾ ਦਿੱਤੀ । ਇਹ ਬਿਧ ਸਰਦਾਰ ਦਰਬਾਰਾ ਸਿੰਘ ਜੀ ਰਾਹੀਂ ਬਣੀ ।

ਸ: ਦਰਬਾਰ ਸਿੰਘ ਜੀ ਇਕ ਅਣਖੀਲੇ ਸਰਦਾਰ ਸਨ । ਇਹ ਪਿੰਡ ਰਾਏਪੁਰ ਜ਼ਿਲਾ ਲੁਧਿਆਣੇ ਦੇ ਨੰਬਰਦਾਰ ਸਨ (Headman) ਅਤੇ ਰੋਹਬਦਾਬ ਖਾਨਦਾਨ

Sri Satguru Jagjit Singh Ji Elibrary NamdhariElibrary@gmail.com

ਵਿਚੋਂ ਸਨ । ਪਹਿਲਾਂ ਤਾਂ ਦੂਜੇ ਸਰਦਾਰਾਂ ਵਾਂਙ ਹੀ ਮਾਸ ਖਾਣ ਅਤੇ ਸ਼ਰਾਬ ਪੀਣ ਦੇ ਆਦੀ ਸਨ ਪਰ ਜਦੋਂ ਸਤਿਗੁਰੂ ਜੀ ਨੇ ਕਿਰਪਾ ਕੀਤੀ ਤਾਂ ਸਭ ਅਭੱਖ ਚੀਜ਼ਾਂ ਦਾ ਤਿਆਗ ਕਰ ਦਿੱਤਾ ਅਤੇ ਇਕ ਪੱਕੇ ਨਾਮਧਾਰੀ ਬਣ ਗਏ । ਇਨ੍ਹਾਂ ਦੀ ਸਰਕਾਰੀ ਹਲਕੇ ਵਿਚ ਵੀ ਕਾਫ਼ੀ ਪਹੁੰਚ ਸੀ । ਇਹ ਨਿਡਰ ਇੰਨੇ ਸਨ ਕਿ ਨਾਮਧਾਰੀਆਂ ਦੇ ਕੱਟੜ ਦੁਸ਼ਮਣ ਪੋਲੀਸ ਕਪਤਾਨ ਬਾਰਬਟਨ ਨੂੰ ਵੀ ਕਈ ਵੇਰ ਖਰੀਆਂ ਖਰੀਆਂ ਸੁਣਾ ਆਉਂਦੇ ਸਨ । ਹੋਰ ਵੀ ਵਡੇ ਵਡੇ ਹਾਕਮਾਂ ਅਤੇ ਅਫਸਰਾਂ ਨਾਲ ਜਾਣ ਪਹਿਚਾਣ ਚੰਗੀ ਸੀ । ਗੁਰਦਵਾਰਾ ਸ੍ਰੀ ਭੈਣੀ ਸਾਹਿਬ ਵਾਸਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਲੋਂ ਸਰਕਾਰੀ ਕੰਮਾਂ ਲਈ ਇਹ ਹੀ ਕਾਰ ਮੁਖਤਿਆਰ ਸਨ ।

ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਤਕਰੀਬਨ ਤਿੰਨ ਸਾਲ ਪਿਛੋਂ ਇਕ ਦਿਨ ਇਹ ਬਾਬਾ ਜੀ ਕਿਸੇ ਸਰਕਾਰੀ ਕੰਮ ਲਈ ਪੁਲੀਸ ਕਪਤਾਨ ਬਾਰਬਟਨ ਦੇ ਬੰਗਲੇ ਗਏ । ਉਥੇ ਗੱਲਾਂ ਬਾਤਾਂ ਦੌਰਾਨ ਬਾਰਬਟਨ ਨੇ ਪੁਛਿਆ ਬਾਬਾ ਜੀ ਕੀ ਤੁਮੀਂ ਕੂਕੇ ਹੋ ਅਤੇ ਬਾਬੇ ਰਾਮ ਸਿੰਘ ਕੋ ਜਾਣਤੇ ਹੋ ? ਆਪ ਕੋ ਪਤਾ ਹੈ ਕਿ ਉਹ ਅਜ ਕਲ੍ਹ ਕਿੱਥੇ ਹਨ ? ਬਾਬਾ ਜੀ ਨੇ ਜਵਾਬ ਤੇ ਕੋਈ ਦਿੱਤਾ ਨ, ਪਰ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਸੁਣਦਿਆਂ ਸਾਰ ਹੀ ਭੁੱਬਾਂ ਮਾਰ ਮਾਰ ਰੋਣ ਲਗ ਪਏ । ਕੋਲ ਬੈਠਿਆਂ ਬਾਰ ਬਟਨ ਦੀ ਮੇਮ ਨੂੰ ਸਰਦਾਰ ਜੀ ਨੂੰ ਰੋਂਦਿਆਂ ਵੇਖ ਕੇ ਤਰਸ ਆਇਆ ਅਤੇ ਬਾਰ ਬਟਨ ਦੇ ਘੂਰਦਿਆਂ ਘੂਰਦਿਆਂ ਵੀ ਦੱਸ ਦਿੱਤਾ ਕਿ ਤੁਹਾਡੇ ਗੁਰੂ ਜੀ ਅਜਕਲ ਬਰਮਾ ਦੇਸ ਦੀ ਰਾਜਧਾਨੀ ਰੰਗੂਨ ਵਿਚ ਬਾਦਸ਼ਾਹ ਬਹਾਦਰ ਸ਼ਾਹ ਵਾਲੇ ਬੰਗਲੇ ਵਿਚ ਕੈਦ ਹਨ । ਬਾਰ ਬਟਨ ਦੀ ਮੇਮ ਬਾਰੇ ਕਵਿ ਮ੍ਰਗੇਸ਼ ਨਿਰੰਜਨ ਸਿੰਘ ਜੀ ਲਿਖਦੇ ਹਨ

ਘਰ ਦੈਂਤ ਦੇ ਪੁਤ ਪ੍ਰਹਿਲਾਦ ਜਿਵੇਂ,
ਰਾਮ ਨਾਮ ਦਾ ਕਰਨ ਉਪਦੇਸ਼ ਆਈ ।
ਜਾਂ ਉਹ ਆਪ ਅਕਾਲ ਦੀ ਖੇਡ ਹੈ ਸੀ,
ਚੀਨੀ ਵਾਲੇ ਦਾ ਦੇਣ ਸੰਦੇਸ ਆਈ ।
ਉਸ ਮੇਮ ਨੇ ਦਸਿਆ ਹਾਲ ਸਾਰਾ,
ਗਡੀ ਚੜ੍ਹ ਕਲਕਤੇ ਵਿਚ ਜਾਉ ਤੁਮੀਂ ।
ਉਥੋਂ ਬੈਠ ਜਹਾਜ਼ ਰੰਗੂਨ ਜਾਉ,
ਵਿਲ ਖਸਟਮੇ ਨੂੰ ਪੈਰ ਲਾਉ ਤੁਮੀਂ ।
ਬਾਰ ਬਟਨ ਸੁਣ ਬਾਤ ਹੈਰਾਨ ਹੋਇਆ
ਕਹਿੰਦਾ ਇਸ ਨੂੰ ਤੂੰ ਖਬਰਦਾਰ ਹੋ ਜਾ ।
ਕਿਸੇ ਜੁਰਮ ਕਾਰਨ ਨਜ਼ਰ ਬੰਦ ਕੀਤੇ,
ਕਰ ਨੀਤ ਦੀ ਸਮਝ, ਤੇ ਮਾਹਰ ਹੋ ਜਾ ।

(ਮੇਮ ਵਲੋਂ ਜਵਾਬ)

ਕੀਤਾ ਕੈਦ ਮਸੀਹ ਯਹੂਦੀਆਂ ਜਦ, ਸਾਹਿਬ ਦਸਣਾ ਜ਼ਰਾ ਵਿਚਾਰ ਕਰ ਕੇ ।
ਸਦ ਬਸ ਦੇ ਕਿਸੇ ਮਰੀਦ ਤਾਈਂ, ਦੇਵੇ ਪਤਾ ਯਹੂਦੀ ਪਿਆਰ ਕਰਕੇ ।
ਹੁੰਦਾ "ਉਦਕਾ ਪੁੰਨ ਜਾਂ ਪਾਪ ਕੋਈ", ਜਿਹੜਾ ਮੇਲਦਾ "ਵੱਡਾ ਉਪਕਾਰ ਕਰ ਕੇ ।
ਹੋਇਆ ਚੁਪ ਮ੍ਰਗੇਸ਼ ਕਵਿ ਬਟਨ ਬਿਲ, ਨਾ ਜਵਾਬ ਹੋਇਆ ਤਕਰਾਰ ਕਰਕੇ ।

ਬਾਰਬਟਨ ਦੀ ਮੇਮ ਨੇ ਸੰਤ ਇੰਦ੍ਰ ਸਿੰਘ ਜੀ ਚੱਕ੍ਰਵਰਤੀ ਦੇ ਸ਼ਬਦਾਂ ਵਿਚ ਸੰਤ ਦਰਬਾਰਾ ਸਿੰਘ ਜੀ ਨੂੰ ਇਹ ਦਸ ਪਾਈ :-

ਬਰਮਾ ਦੇਸ਼ ਅੰਗਰੇਜ਼ ਦੀ ਰਾਜਧਾਨੀ ਪ੍ਰਸਿਧ । ਸ਼ਹਿਰ ਉਹ ਰੰਗੂਨ ਹੈ, ਕਲਕਤੇ ਤੋਂ ਸਿਧ ।
ਅਠ ਦਿਨ ਅਠ ਰਾਤ ਵਿਚ ਪੁਜੇ ਜਾਏ ਜਹਾਜ । ਰਖੇ ਨੇ ਅੰਗਰੇਜ਼ ਨੇ, ਉਸ ਥਾਂ ਤੇ ਮਹਾਰਾਜ ।
ਜਿਸ ਬੰਗਲੇ ਵਿਚ ਰਿਹਾ ਸੀ, ਦਿਲੀ ਦਾ ਬਾਦਸ਼ਾਹ । ਰਖੇ ਨੇ ਉਸੇ ਵਿਚ ਹੀ, ਤੁਸਾਂ ਦੇ ਪਾਤਸ਼ਾਹ ।
ਜਾਵੇ ਕਰੇ ਦੀਦਾਰ ਜਾਂ, ਜਾਣਾ ਨਾਲ ਖਿਆਲ । ਬਚਨਾਂ, ਨ ਫਸ ਜਾਵਣ, ਕਿਸੇ ਦੀ ਵਿਚ ਚਾਲ ।
ਕੂਕਿਆਂ ਦਾ ਇਹ ਭੇਸ ਵੇਸ, ਦੇਣਾ ਸਭ ਉਤਾਰ । ਨਾਲ ਸਿਆਣਪ ਜਾ ਕਰੇ, ਮੁਰਸ਼ਦ ਦਾ ਦੀਦਾਰ ।
ਬਘੀ ਤੇ ਅਸਵਾਰ ਹੋ, ਪੰਜ ਵਜੇ ਨਿਤ ਸ਼ਾਮ । ਉਹ ਹਨ ਸੈਰ ਤੇ ਜਾਂਵਦੇ, ਫਿਰਦੇ ਤੁਰਦੇ ਆਮ ।
ਪਹਿਰਾ ਬਹੁਤ ਸਖਤ ਹੈ ਮਦਰਾਸੀ ਧੂਰਬੀਨ । ਕਿਸੇ ਪੰਜਾਬੀ ਸਿਖ ਤੇ ਕਰਦੇ ਨਹੀਂ ਯਕੀਨ ।
ਤੁਰਦੇ ਫਿਰਦੇ ਕਰ ਲਿਉ ਨਾਲ ਸਾਹਿਬ ਦੇ ਬਾਤ । ਤੁਰਨਾ ਨੀਵੀਂ ਨਜ਼ਰ ਕਰ ਉਨ੍ਹਾਂ ਨ ਪਾਣੀ ਝਾਤ ।

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ

ਅਨੁਸਾਰ ਬਾਬਾ ਦਰਬਾਰਾ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਠਿਕਾਣੇ ਬਾਰੇ ਸੁਣ ਕੇ ਬੜੇ ਖੁਸ਼ ਹੋਏ । ਸ੍ਰੀ ਭੈਣੀ ਸਾਹਿਬ ਆਏ । ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਾਰੀ ਗਲ ਦੱਸੀ । ਸਤਿਗੁਰੂ ਜੀ ਨੇ ਥਾਪੜਾ ਦੇ ਕੇ ਆਖਿਆ, ਭਾਈ ਤੂੰ ਹੀ ਰੰਗੂਨ ਜਾ, ਇਹ ਕੰਮ ਤੇਰੇ ਜੋਗਰਾ ਹੀ ਹੈ । ਸਤਿਗੁਰੂ ਜੀ ਨੇ ਕਹਿਆ

ਬੇਗਿ ਮਿਲੀਜੈ ਅਪਨੇ ਰਾਮ ਪਿਆਰੇ

ਬਾਬਾ ਜੀ "ਉਮਕਿਓ ਹੀਉ ਮਿਲਨ ਪ੍ਰਭ ਤਾਈ" ਅਨੁਸਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਆਸ਼ੀਰਵਾਦ ਲੈ ਕੇ ਜਾਣ ਦੀ ਤਿਆਰੀ ਕਰਨ ਲਗੇ । ਹੁਣ ਡਰ ਇਹ ਸੀ ਕਿ ਜੇ ਬਾਬਾ ਜੀ ਰੰਗੂਨ ਗਏ ਤਾਂ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਪੋਲੀਸ ਨੂੰ ਸ਼ਕ ਪੈ ਜਾਏਗਾ ਅਤੇ ਫਿਰ ਰਾਹ ਵਿਚ ਹੀ ਨ ਗਿਰਫਤਾਰ ਕਰ ਲਵੇ । ਬਾਬਾ ਜੀ ਨੇ ਵਿਉਂਤ ਇਹ ਬਣਾਈ ਕਿ ਉਹ ਅਪਣੇ ਭਾਈ ਕੋਲ ਪਟਿਆਲੇ ਚਲੇ ਗਏ ਅਤੇ ਇਕ ਹਕੀਮ ਕੋਲੋਂ ਇਕ ਨੁਸਖਾ ਲਿਖਵਾ ਲਿਆ ਕਿ ਦਵਾਈ ਦੇ ਵਰਤਣ ਦੌਰਾਨ ਚਾਲੀ ਦਿਨ ਸੂਰਜ ਨਹੀਂ ਵੇਖਣਾ । ਅਪਣੇ ਭਾਈ ਨੂੰ ਸਾਰੀ ਗਾਲ ਸਮਝਾ ਦਿੱਤੀ ਅਤੇ ਕਿਸੇ ਨੂੰ ਵੀ ਭੇਦ ਨ ਦੇਣ ਦੀ ਪੱਕੀ ਕੀਤੀ । ਕੁਝ ਦਿਨ ਅੰਦਰ ਹੀ ਰਹੇ । ਜੇ ਕੋਈ ਪੁਛਦਾ ਤਾਂ ਉਸ ਦਾ ਭਾਈ ਕਹਿ ਦਿੰਦਾ ਕਿ ਹਕੀਮ ਦੇ ਇਲਾਜ ਅਨੁਸਾਰ ਅੰਦਰ ਹੀ ਬੈਠੇ ਰਹਿੰਦੇ ਹਨ । ਫਿਰ ਵੀ ਜੇ ਕਿਸੇ ਨੂੰ ਸ਼ਕ ਪੈਂਦਾ ਤਾਂ ਅੰਦਰ ਜਾ ਕੇ ਵੇਖ ਆਉਂਦਾ । ਕੁਝ ਦਿਨ ਤਾਂ ਅੰਦਰ ਹੀ ਰਹੇ ਜਦੋਂ ਸਮਝਿਆ ਕਿ ਹੁਣ ਪੁੱਛ ਗਿੱਛ ਕੋਈ ਨਹੀਂ ਕਰਦਾ ਤਾਂ ਚੁਪ ਕੀਤਿਆਂ ਹੀ ਭੇਸ ਵਟਾ ਕੇ ਅੰਬਾਲੇ ਚਲੇ ਗਏ । ਅੰਬਾਲੇ ਤੋਂ ਗੱਡੀ ਰਾਹੀਂ ਕਲਕਤੇ ਪਹੁੰਚੇ ਅਤੇ ਫਿਰ ਜਹਾਜ਼ ਰਾਹੀਂ ਰੰਗੂਨ ਪਹੁੰਚੇ

ਖੋਜਤ ਫਿਰਓ ਦੇਖਉ ਪ੍ਰਿਅ ਜਾਈ

ਬਾਬਾ ਜੀ ਨੇ ਅਪਣਾ ਭੇਸ ਕੁਝ ਐਸਾ ਬਣਾਇਆ ਹੋਇਆ ਸੀ ਕਿ ਕੋਈ ਪਛਾਣ ਨਹੀਂ ਸੀ ਸਕਦਾ ਕਿ ਇਹ ਨਾਮਧਾਰੀ ਅਥਵਾ ਕੂਕੇ ਹਨ ਫਿਰ ਕਮਾਲ ਦੀ ਗੱਲ ਇਹ ਹੈ ਕਿ ਅਪਣੀ ਮਰਯਾਦਾ ਵਿਚ ਫਰਕ ਨਹੀਂ ਪੈਣ ਦਿੱਤਾ। ਕਿੰਨੇ ਦਿਨ ਅੰਨ ਪਾਣੀ ਵੀ ਨਹੀਂ ਛਕਿਆ ਸੀ। ਰੰਗੂਨ ਪਹੁੰਚ ਕੇ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਬੰਗਲੇ ਦਾ ਵੀ ਪਤਾ ਲਗ ਗਿਆ। ਭਾਵੇਂ ਪਹਿਰਾ ਬੜਾ ਸਖ਼ਤ ਸੀ ਪਰ ਫਿਰ ਵੀ ਚੋਰੀ ਛੁਪੇ ਸਤਿਗੁਰੂ ਜੀ ਦਾ ਦਰਸ਼ਨ ਕਰ ਹੀ ਲਿਆ

ਦਰਸਨ ਦੇਖਤ ਦੋਖ ਨਸੇ

ਸਤਿਗੁਰੂ ਜੀ ਦਾ ਦਰਸ਼ਨ ਕਰ ਕੇ ਰਾਹ ਦਾ ਥਕੇਵਾਂ, ਦੁਖ ਭੁਖ ਤ੍ਰੇਹ ਸਭ ਦੂਰ ਹੋ ਗਏ

ਸੰਧਿਆ ਸਮਾ ਸੁਹਾਵਣਾ, ਬਧੀ ਸਾਜ ਸਮਾਜ।
ਸੈਰ ਕਰਨ ਲਈ ਨਿਕਲੇ, ਨਾਨੂੰ ਸਿੰਘ "ਮਹਾਰਾਜ"।
ਗੋਰਾ ਅਫਸਰ ਇਕ ਸੀ, ਸਤਿਗੁਰ ਜੀ ਦਾ ਦਾਸ।
ਸਿਖਾਂ ਵਾਂਗਰ ਉਸ ਦਾ, ਪੱਕਾ ਸੀ ਵਿਸ਼ਵਾਸ।
ਨਾਲ ਤੁਰੇ ਸਰਦਾਰ ਜੀ, ਰਜ ਕਰੀ ਅਰਦਾਸ।
ਸਾਰੀ ਦੱਸੀ ਵਿਥਿਆ, ਸ੍ਰੀ ਗੁਰੂ ਜੀ ਪਾਸ।

ਮਾਸਟਰ ਨਿਹਾਲ ਸਿੰਘ ਜੀ ਇਸ ਅਜਬ ਮਿਲਣੀ ਬਾਰੇ ਲਿਖਦੇ ਹਨ

ਜਾਂ ਡਿਗਾ ਧੜੰਮ ਕਰਦਾ ਚਰਨੀਂ।
ਗੰਗਾ ਜਮਨਾ ਹੜ੍ਹ ਚੜ੍ਹ ਆਈਆਂ।
ਜੱਫੀ ਵਿਚ ਲੈ ਲਿਆ
ਸੱਚੀ ਸਰਕਾਰ ਨੇ।
"ਓਏ ਦਰਬਾਰਿਆ, ਬੜੀਆਂ
ਟਾਹਰੂੰ ਮਾਰਿਆ ਕਰਦੇ ਸੌ ?
ਭਾਲ ਨ ਕੀਤੀ ਗਵਾਚੀ ਵੱਛੀ ਜਿੰਨੀ ?
ਢੂੰਡਿਆ ਨ ਗਵਾਚੇ ਚੂਰੇ ਜਿੰਨਾ ?

ਡੁੱਲ੍ਹ ਪਿਆ ਦਰਬਾਰਾ
ਜਿਸੁ ਤਨੁ ਲਾਗੈ ਸੋ ਤਨੁ ਜਾਣੈ
ਕੀ ਦਸੀਏ ਕੀ ਭਾ ਵਿਕਦੀ ਏ ਕੂਕਿਆਂ ਨਾਲ
ਪੱਤਾ ਪੱਤਾ ਵੈਰੀ,
ਪੈਰ ਪੈਰ ਨੇੜੇ,
ਰੋਮ ਰੋਮ ਕੰਡੇ,

ਇਕ ਬੁਧ ਸਿੰਘ ਹੀ ਹੈ
(ਜਿਹੜਾ) **ਸਿਰ ਡਾਹੀ ਜਾ ਰਿਹਾ**

ਸਰਦਾਰ ਜੀ ਜਿੰਨੇ ਦਿਨ ਰਹੇ ਰੋਜ਼ ਸਤਿਗੁਰੂ ਜੀ ਦਾ ਦਰਸ਼ਨ ਕਰਦੇ ਰਹੇ । ਮਿਲਣ ਦਾ ਸਮਾਂ ਨਿਸਚਤ ਕਰ ਲਿਆ ਜਾਂਦਾ ਸੀ ਪਰ ਬਹੁਤ ਕਰਕੇ ਦਰਸ਼ਨ, ਸਤਿਗੁਰੂ ਜੀ ਦੇ ਸੈਰ ਜਾਣ ਸਮੇਂ ਹੁੰਦੇ । ਉਦੋਂ ਬਚਨ ਬਿਲਾਸ ਵੀ ਹੋ ਜਾਂਦੇ ਕੁਝ ਦਿਨ ਦਰਸ਼ਨ ਕਰਦੇ ਰਹੇ ਪਰ ਜਦੋਂ ਸਤਿਗੁਰੂ ਜੀ ਨੇ ਮਾਇਆ ਪਾਈ ਤਾਂ ਸਤਿਗੁਰੂ ਜੀ ਕੋਲੋਂ ਵਾਪਸ ਆਉਣ ਦੀ ਆਗਿਆ ਮੰਗੀ

ਸੁਣ ਬੋਲੇ ਸਤਿਗੁਰੂ ਜੀ ਸਹਿਜੇ ਸ਼ਾਂਤੀ ਨਾਲ ।
ਜਾਓ ਹੈ ਅੰਗ ਸੰਗ ਸਦਾ ਆਪ ਦੇ ਪੁਰਖ ਅਕਾਲ ।

ਸ੍ਰੀ ਸਤਿਗੁਰੂ ਜੀ ਨੇ ਆਸ਼ੀਰਵਾਦ ਦਿੰਦਿਆਂ ਸੰਗਤ ਦੇ ਨਾਮ ਇਕ ਹੁਕਮ ਨਾਮਾ ਵੀ ਭੇਜਿਆ ਸੀ ਜਿਸ ਦਾ ਮੁਖ ਮੰਤਵ ਕੁਝ ਇਸ ਤਰ੍ਹਾਂ ਸੀ :-

ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ । ਇਹ ਸਿਖੀ ਨੂੰ ਹਰੀ ਰਖਣਗੇ ਇਨ੍ਹਾਂ ਨੂੰ ਸਿਰ ਕਰਤਾ ਮੰਨਣ । ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀ ਬਖਸ਼ਾਂਗਾ

ਮਾਲਵੇਂਦਰ ਵਿਚ ਇਸ ਤਰ੍ਹਾਂ ਲਿਖਿਆ ਹੈ :-

ਜਾ ਕੇ ਦੇਣੀ ਪੰਥ ਨੂੰ ਸਾਡੀ ਇਹ ਅਰਦਾਸ । ਦਰਸ਼ਨ ਇਕ ਦਿਨ ਹੋਣਗੇ, ਹੋਣਾ ਨਹੀ ਉਦਾਸ ।
ਬੁਧ ਸਿੰਘ ਜੀ ਦਾ ਅਜ ਤੋਂ ਹਰੀ ਸਿੰਘ ਹੈ ਨਾਮ । ਮੰਨੇ ਸਾਡੇ ਥਾਂ ਹੁਣ, ਉਹਨਾਂ ਨੂੰ ਪੰਥ ਤਮਾਮ ।
ਦਿਲ ਵਿਚ ਵਸੇ ਉਹਨਾਂ ਦੇ, ਧਰਮ ਨੇਮ ਦੀ ਸਿੱਖ । ਉਹ ਸਿਖੀ ਰਖਣ ਹਰੀ, ਹਰਾ ਭਰਾ ਰਹੈ ਪੰਥ ।
ਮੇਰਾ ਕੋਈ ਧਿਰਕਾਰਿਆ, ਬਖਸ਼ਣ ਕਿਰਪਾ ਧਾਰ ।

ਉਹ ਜਿਸ ਨੂੰ ਧਿਰਕਾਰ ਦੇਣ ਕੋਈ ਨ ਬਖਸ਼ਣਹਾਰ ।

ਸਤਿਗੁਰੂ ਜੀ ਨੇ ਬਾਬਾ ਜੀ ਨੂੰ ਕਈ ਜ਼ਬਾਨੀ ਸੁਨੇਹੇ ਵੀ ਦਿੱਤੇ ਸਨ ਜਿਨ੍ਹਾਂ ਵਿਚੋਂ ਇਕ ਹੁਕਮ ਇਹ ਸੀ ਕਿ ਲੰਗਰ ਵਿਚ ਪ੍ਰਸ਼ਾਦਾ ਮੋਟਾ ਹੋਵੇ ਅਤੇ ਦਾਲ ਕਰੜ । ਇਹ ਹੁਕਮ ਹਾਲੀ ਰੰਗੂਨ ਵਿਚ ਬਾਬਾ ਜੀ ਨੂੰ ਸੁਣਾ ਹੀ ਰਹੇ ਸਨ ਕਿ ਉਸੇ ਪਲ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਲਾਂਗਰੀਆਂ ਨੂੰ ਕਹਿਆ ਕਿ ਲੰਗਰ ਵਿਚ

Sri Satguru Jagjit Singh Ji Elibrary NamdhariElibrary@gmail.com

NO

DATE

ਸ੍ਰੀ ਮਾਨ ਬਾਬਾ ਬੈਂਕਾ ਜੀ 'ਲਬਾਲਬ'



ਸਤਿਗੁਰੂ ਬਾਲਕ ਸਿੰਘ ਹੁਰਾਂ ਦੇ ਸਿਖ ਪ੍ਰੇਮੀ ਬਾਂਕੇ । ਮਸਤੀ ਦੇ ਵਿਚ ਬੈਠਣ 'ਲਬਾਲਬ' ਆਸਣ ਤਿਨ ਵਿਛਾਕੇ ।
ਬਾਲਕ ਸਿੰਘ ਗੁਰੂ ਰਾਮ ਸਿੰਘ ਜੀ, ਬਾਬਾ ਬੁਧ ਸਿੰਘ ਆਕੇ । ਜੈਨੇ ਤਿਨੇ ਵੇਖੇ 'ਆਲਿਮ' ਜਗਮਗ ਜੋਤ ਜਗਾਕੇ ।

Sri Satguru Jagjit Singh Ji Elibrary NamdhariElibrary@gmail.com

ਪਰਸ਼ਾਦੇ ਮੋਟੇ ਅਤੇ ਦਾਲਾ ਕਰੜੇ ਦਾ ਹੁਕਮ ਹੋਇਆ ਹੈ ।

ਜਦੋਂ ਬਾਬਾ ਜੀ, ਸ੍ਰੀ ਸਤਿਗੁਰੂ ਜੀ ਦੀ ਆਗਿਆ ਲੈ ਕੇ ਵਾਪਸ ਆਉਣ ਲਗੇ ਤਾਂ ਵਿਛੋੜਾ ਫਿਰ ਰੋਣ ਲਗਾ । ਨੈਣ ਛਮ ਛਮ ਬਰਸਣ ਲਗੇ । ਸਤਿਗੁਰੂ ਜੀ ਨੇ ਧੀਰਜ ਬੰਧਾਈ ਅਤੇ ਥਾਪੜਾ ਦਿੱਤਾ । ਬਾਬਾ ਜੀ ਨਮਸਕਾਰ ਕਰ ਕੇ ਰੰਗੂਨ ਦੀ ਬੰਦਰਗਾਹ ਤੇ ਪਹੁੰਚ ਗਏ । ਜਹਾਜ਼ ਰਾਹੀਂ ਕਲਕੱਤੇ ਪਹੁੰਚੇ, ਕਲਕਤੇ ਤੋਂ ਗਾਡੀ ਰਾਹੀਂ ਲੁਧਿਆਣੇ ਪਹੁੰਚੇ । ਲੁਧਿਆਣੇ ਤੋਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨ ਕੰਵਲਾਂ ਤੇ ਜਾ ਨਮਸਕਾਰ ਕੀਤੀ । ਚਿਹਰਾ ਜਿਹੜਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਕਰ ਕੇ ਉਦਾਸ ਸੀ, ਉਹ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਕੇ ਪ੍ਰਫੁਲਤ ਹੋ ਗਿਆ । ਸਤਿਗੁਰੂ ਜੀ ਨੇ ਛਾਤੀ ਨਾਲ ਲਾਇਆ ਅਤੇ ਸਾਰਾ ਹਾਲ ਪੁਛਿਆ । ਬਾਬਾ ਜੀ ਨੇ ਰਾਹ ਦਾ ਸਾਰਾ ਹਾਲ, ਸਤਿਗੁਰੂ ਜੀ ਦੇ ਠਿਕਾਣੇ ਦਾ ਹਾਲ, ਸਤਿਗੁਰੂ ਜੀ ਦੇ ਦਰਸ਼ਨਾਂ ਦਾ ਹਾਲ ਅਤੇ ਸਤਿਗੁਰੂ ਜੀ ਦੇ ਸੁਨੇਹੇ ਸਭ ਪ੍ਰੇਮ ਨਾਲ ਸੁਣਾਏ ਅਖੀਰ ਤੇ ਸੰਗਤ ਦੇ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਭੇਜਿਆ ਹੋਇਆ ਲਿਖਤੀ ਹੁਕਮਨਾਮਾ ਸੁਣਾਇਆ ਜਿਸ ਦਾ ਸਾਰੰਸ਼ ਇਹ ਸੀ :- ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ । ਇਹ ਸਿਖੀ ਨੂੰ ਹਰੀ ਰਖਣਗੇ । ਇਨ੍ਹਾਂ ਨੂੰ ਸਿਰ ਕਰਤਾ ਮੰਨਣਾ । ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ ।'

ਹੁਕਮਨਾਮਾ ਸੁਣਦਿਆਂ ਸਾਰ ਹੀ ਸਾਰੀ ਸੰਗਤ ਨੇ ਉੱਠ ਕੇ ਵਾਰੀ ਵਾਰੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕੀਤੀ । ਹੁਣ ਸੰਗਤ ਨੂੰ ਬਹੁਤ ਦੇਰ ਦਾ ਭੁਲਿਆ ਹੋਇਆ ਬਾਬਾ ਬੈਂਕਾ ਜੀ ਦਾ ਤੀਸਰਾ ਬਚਨ ਯਾਦ ਆਇਆ

ਆਓ ਬਾਬਾ ਬੁਧ ਸਿੰਘ ਜੀ ਬੈਠੋ

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ

ਇਸ ਤੋਂ ਅੱਗੇ ਲਿਖਿਆ

ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ ਸਾਧੁ ਕੀ ਤਾਈ

ਭਾਰਤ ਵਿਚ ਗੰਗਾ, ਜਮਨਾ ਗੋਦਾਵਰੀ ਸਰਸਤੀ ਉੱਤਮ ਨਦੀਆਂ (ਦਰਿਆ) ਮੰਨੀਆਂ ਗਈਆਂ ਹਨ। ਧਾਰਮਕ ਨਿਸਚੇ ਅਨੁਸਾਰ (*Religious Belief*) ਇਨ੍ਹਾਂ ਨਦੀਆਂ ਦਾ ਇਸਨਾਨ ਬਹੁਤ ਫਲ ਦਾਇਕ ਹੁੰਦਾ ਹੈ। ਕਹਿੰਦੇ ਹਨ ਕਿ ਇਨ੍ਹਾਂ ਨਦੀਆਂ ਵਿਚ ਇਸ਼ਨਾਨ ਕਰਨ ਨਾਲ ਕੀਤੇ ਹੋਏ ਸਾਰੇ ਪਾਪ ਉਤਰ ਜਾਂਦੇ ਹਨ। ਇਸ਼ਨਾਨ ਕਰਨ ਵਾਲਿਆਂ ਦੇ ਤੇ ਪਾਪ ਉਤਰ ਗਏ ਪਰ ਉਹ ਪਾਪ ਗਏ ਕਿੱਥੇ ? ਉਹ ਸਾਰੇ ਪਾਪ ਇਨ੍ਹਾਂ ਨਦੀਆਂ ਵਿਚ ਇਕੱਠੇ ਹੁੰਦੇ ਰਹਿੰਦੇ ਹਨ। ਫਿਰ ਇਹ ਨਦੀਆਂ ਚਾਹੁੰਦੀਆਂ ਹਨ ਕਿ ਦ੍ਵੈਸ਼ ਈਰਖਾ ਤੋਂ ਰਹਿਤ, ਨਾਮ ਜਪਣ ਵਾਲੇ ਅਤੇ ਪਰਮਾਤਮਾ ਨਾਲ ਜੁੜੇ ਹੋਏ ਸਾਧੂ ਸੰਤ ਅਪਣੇ ਚਰਣ ਇਨ੍ਹਾਂ ਨਦੀਆਂ ਵਿਚ ਪਾਉਣ ਤਾਂ ਜੋ ਉਹ ਅਪਣੇ ਵਿਚ ਜੁੜੇ ਹੋਏ ਪਾਪਾਂ ਤੋਂ ਮੁਕਤ ਹੋ ਜਾਣ। ਫਿਰ ਉਹ ਆਪ ਹੀ ਕਹਿੰਦੀਆਂ ਹਨ

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ,
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ।

ਇਥੋਂ ਪਤਾ ਲਗਦਾ ਹੈ ਕਿ ਸਾਧੂ ਦੇ ਚਰਣਾਂ ਦੀ " ਧੂੜ ਪਾਪ ਖੰਡਨੀ ਹੈ। ਗੁਰੂ ਸਾਹਿਬ ਜੀ ਤਾਂ ਇਥੋਂ ਤਕ ਲਿਖਦੇ ਹਨ ਕਿ

ਚਰਨ ਸਾਧ ਕੇ ਧੋਇ ਧੋਇ ਪੀਉ "

ਇਕ ਥਾਂ ਤੇ ਸਾਧੂ ਸੰਤਾਂ ਦੀ ਧੂੜੀ ਦੀ ਮਹਾਨਤਾ ਨੂੰ ਸਰਬ ਸੁਖਾਂ ਦੀ ਖਾਨ ਸਮਝਾਇਆਂ ਸੰਤਾਂ ਦੀ ਧੂੜੀ ਬਖਸ਼ਣ ਵਾਸਤੇ ਪਰਮਾਤਮਾ ਅਗੇ ਅਰਦਾਸ ਕਰਦੇ ਹਨ

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥

1514

